

**SKY TRANSPORT SOLUTIONS**

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 44

Febuary 13, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



**Golden State Truck Sales Inc.**

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਮਿਸ ਜਗਦੀਸ਼ ਕੌਰ ਰਾਮ ਦੀ ਵਿਛੜੀ ਰੂਹ ਨੂੰ ਹਜ਼ਾਰਾਂ ਲੋਕਾਂ ਨੇ ਦਿੱਤੀਆਂ ਭਾਵ-ਭਿੰਨੀਆਂ ਸ਼ਰਧਾਂਜਲੀਆਂ



**ਪਿਟਸਬਰਗ (ਦੇਸ਼ ਦੁਆਬਾ ਬਿਊਰੋ)**- ਇੰਡੋ-ਅਮੈਰੀਕਨ ਦੇ ਰਾਜਨੀਤਿਕ, ਧਾਰਮਿਕ, ਸਮਾਜਿਕ ਅਤੇ ਆਰਥਿਕ ਖੇਤਰ 'ਚ ਬਾਖੂਬ ਜਾਣੀ ਪਹਿਚਾਣੀ ਸ਼ਖਸੀਅਤ ਇਕਨਾਮਿਕ ਡਿਵੈਲਪਮੈਂਟ ਕਮਿਸ਼ਨਰ ਸਵਰਗਵਾਸੀ ਸ੍ਰੀ ਲਾਹੌਰੀ ਰਾਮ ਜੀ ਦੀ ਇਕਲੌਤੀ ਸਪੁੱਤਰੀ ਮਿਸ ਜਗਦੀਸ਼ ਕੌਰ ਰਾਮ (ਜੈਕੀ ਰਾਮ) ਜੋ 34 ਵਰ੍ਹਿਆਂ ਦੀ ਉਮਰ 'ਚ ਆਪਣੇ ਮਗਰ ਮਾਤਾ ਸ੍ਰੀਮਤੀ ਪ੍ਰੀਤੋ ਰਾਮ, ਵੱਡੇ ਵੀਰ ਸ੍ਰੀ ਜਗਦੇਵ ਰਾਮ ਅਤੇ ਸ੍ਰੀ ਅਜੈਪਾਲ ਰਾਮ ਤੇ ਵੱਡੀ ਭਰਜਾਈ ਅਤੇ ਭਤੀਜੀ ਨੂੰ ਛੱਡ 20 ਜਨਵਰੀ 2019 ਨੂੰ ਅਕਾਲ ਚਲਾਣਾ ਕਰ ਗਏ, ਜਿਹਨਾਂ ਦਾ 30 ਜਨਵਰੀ ਨੂੰ ਸਸਕਾਰ ਕਰ ਦਿੱਤਾ ਗਿਆ ਅਤੇ 10 ਫਰਵਰੀ 2019 ਨੂੰ ਭੋਗ ਅਤੇ ਅੰਤਿਮ ਅਰਦਾਸ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਕੀਤੀ ਗਈ, ਜਿੱਥੇ ਪਰਿਵਾਰਕ ਮੈਂਬਰਾਂ, ਸਕੇ-ਸਬੰਧੀ, ਰਿਸ਼ਤੇਦਾਰਾਂ ਤੋਂ ਇਲਾਵਾ ਅਲੱਗ ਅਲੱਗ ਭਾਈਚਾਰਿਆਂ ਦੇ ਸਨੇਹੀਆਂ ਨੇ ਭਾਰੀ ਗਿਣਤੀ ਵਿਚ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਅਕਾਲ ਪੁਰਖ ਅੱਗੇ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਰਜੋਈ ਕੀਤੀ। ਵਿਸਥਾਰਪੂਰਵਕ ਖਬਰ ਅਤੇ ਤਸਵੀਰਾਂ 'ਅੰਬੇਦਕਰ ਟਾਈਮਜ਼' 'ਚ ਦੇਖੋ।

# ਪਾਣੀ ਦੇ ਸੰਕਟ ਕਾਰਨ ਨਿਵੇਸ਼ਕ ਪੰਜਾਬ 'ਚ ਆਉਣੋਂ ਡਰੇ!



**ਚੰਡੀਗੜ੍ਹ (ਬਿਊਰੋ)**- ਪੰਜਾਬ ਦੇ ਬਜਟ ਸੈਸ਼ਨ ਦੀ ਸ਼ੁਰੂਆਤ ਕਰਦਿਆਂ ਰਾਜਪਾਲ ਵੀ.ਪੀ. ਸਿੰਘ ਬਦਨੌਰ ਨੇ ਅੱਜ ਆਪਣੇ ਭਾਸ਼ਨ ਰਾਹੀਂ ਸੂਬੇ ਵਿਚ ਖੇਤੀ ਅਤੇ ਉਦਯੋਗਾਂ ਲਈ ਪਾਣੀ ਦਾ ਵੱਡਾ ਸੰਕਟ ਹੋਣ ਦੀ ਗੱਲ ਪ੍ਰਵਾਨ ਕੀਤੀ ਹੈ। ਰਾਜਪਾਲ ਨੇ ਕਿਹਾ ਕਿ ਸਰਕਾਰ ਦੇ ਪੁਰਜ਼ੋਰ ਯਤਨਾਂ ਦੇ ਬਾਵਜੂਦ ਨਿਵੇਸ਼ਕ ਡਰੇ ਹੋਏ ਤੇ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ ਕਿਉਂਕਿ ਭਵਿੱਖ ਵਿਚ ਢੁੱਕਵੀਂ ਗੁਣਵੱਤਾ ਵਾਲੇ ਪਾਣੀ ਦੀ ਅਣਹੋਂਦ ਨਜ਼ਰ ਆ ਰਹੀ ਹੈ। ਸਰਕਾਰ ਨੇ ਮੰਨਿਆ ਹੈ ਕਿ ਪੰਜਾਬ ਦਾ ਦੋ ਤਿਹਾਈ ਹਿੱਸਾ ਜ਼ਮੀਨੀ ਪਾਣੀ ਦੀ ਕਮੀ ਕਾਰਨ ਖ਼ਤਰੇ ਦੇ ਨਿਸ਼ਾਨ (ਡਾਰਕ ਜ਼ੋਨ) ਤੱਕ ਪਹੁੰਚ ਗਿਆ ਹੈ। ਸਰਕਾਰ ਵੱਲੋਂ ਵਿਧਾਨ ਸਭਾ ਵਿਚ ਪਹਿਲੀ ਵਾਰ ਇਹ ਮੰਨਿਆ ਗਿਆ ਹੈ ਕਿ ਸੂਬੇ ਵਿਚ ਨਿਵੇਸ਼ਕਾਂ ਦੇ ਨਾ ਆਉਣ ਦਾ ਇਕ ਵੱਡਾ ਕਾਰਨ ਪਾਣੀ ਦੀ ਅਣਹੋਂਦ ਵੀ ਹੈ। ਰਾਜਪਾਲ ਦੇ ਭਾਸ਼ਨ ਦਾ ਸਭ ਤੋਂ ਅਹਿਮ ਪੱਖ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਸ ਵਾਰ ਕੈਪਟਨ ਸਰਕਾਰ ਨੇ ਵਿਧਾਨ ਸਭਾ ਵਿਚ ਚੰਡੀਗੜ੍ਹ ਉਪਰ ਹੱਕ ਨਹੀਂ ਜਤਾਇਆ ਅਤੇ ਨਾ ਹੀ ਪੰਜਾਬੀ ਬੋਲਦੇ ਇਲਾਕੇ ਸ਼ਾਮਲ ਕਰਾਉਣ ਦਾ ਅਹਿਦ ਕੀਤਾ ਹੈ। ਸੂਬੇ ਦੇ ਇਕ ਹੋਰ ਬੁਨਿਆਦੀ ਮੁੱਦੇ ਦਰਿਆਈ ਪਾਣੀਆਂ ਦੇ ਮਾਮਲੇ 'ਤੇ ਵੀ ਵਿਵਾਦਤ ਸਤਲੁਜ ਯਮੁਨਾ ਲਿੰਕ ਨਹਿਰ ਦਾ ਜ਼ਿਕਰ ਕੀਤੇ ਬਿਨਾਂ ਸਿਰਫ਼ ਇਹੀ ਕਿਹਾ ਗਿਆ ਹੈ ਕਿ ਸਰਕਾਰ ਨੇ ਦਰਿਆਈ ਪਾਣੀਆਂ ਨੂੰ ਬਚਾਉਣ ਲਈ ਹਰ ਸੰਭਵ ਪ੍ਰਸ਼ਾਸਕੀ ਤੇ ਕਾਨੂੰਨੀ ਚਾਰਾਜੋਈ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕਾਂ ਨੇ ਰਾਜਪਾਲ ਦੇ ਭਾਸ਼ਨ ਦੌਰਾਨ ਪਹਿਲਾਂ ਤਾਂ ਹੰਗਾਮਾ ਕੀਤੀ ਤੇ ਫਿਰ ਸਦਨ ਦੇ ਵਿਚਕਾਰ ਜਾ ਕੇ ਨਾਅਰੇਬਾਜ਼ੀ ਕੀਤੀ। ਉਨ੍ਹਾਂ ਮਗਰੋਂ ਸੈਸ਼ਨ ਦਾ ਬਾਈਕਾਟ ਕੀਤਾ। ਲੋਕ ਇਨਸਾਫ਼ ਪਾਰਟੀ ਦੇ ਵਿਧਾਇਕਾਂ ਨੇ ਵੀ ਭਾਸ਼ਨ ਦਾ ਬਾਈਕਾਟ ਕੀਤਾ।

## ਅਮਰੀਕਾ-ਮੈਕਸਿਕੋ ਕੰਧ ਲਈ ਸੰਸਦ ਮੈਂਬਰਾਂ ਵਿਚਾਲੇ ਸਹਿਮਤੀ ਬਣੀ



**ਵਾਸ਼ਿੰਗਟਨ (ਬਿਊਰੋ)**- ਸਰਕਾਰੀ ਕੰਮਕਾਜ ਮੁੜ ਠੱਪ ਹੋਣ ਤੋਂ ਬਚਾਉਣ ਅਤੇ ਅਮਰੀਕਾ-ਮੈਕਸਿਕੋ ਸਰਹੱਦੀ ਕੰਧ ਬਣਾਉਣ ਲਈ ਅਮਰੀਕੀ ਸੰਸਦ ਮੈਂਬਰਾਂ ਵਿਚਾਲੇ ਸਮਝੌਤਾ ਹੋ ਗਿਆ ਹੈ। ਬੀਤੀ ਰਾਤ ਹੋਏ ਇਸ ਸਮਝੌਤੇ ਤਹਿਤ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਕੰਧ ਬਣਾਉਣ ਲਈ ਸਿਰਫ਼ 1.4 ਅਰਬ ਡਾਲਰ ਦੀ ਰਾਸ਼ੀ ਮਿਲੇਗੀ। ਸੰਸਦੀ ਸਹਿਯੋਗੀਆਂ ਅਨੁਸਾਰ ਟਰੰਪ ਦੀ ਰਿਪਬਲਿਕਨ ਪਾਰਟੀ ਕਿਸੇ ਵੀ ਹਾਲ 'ਚ ਮੁੜ ਤੋਂ ਸਰਕਾਰੀ ਕੰਮਕਾਰ ਠੱਪ ਨਹੀਂ ਹੋਣ ਦੇਣਾ ਚਾਹੁੰਦੀ ਸੀ। ਇਸ ਲਈ ਉਨ੍ਹਾਂ ਨੂੰ ਕੰਧ ਬਣਾਉਣ ਲਈ ਮਿਲਣ ਵਾਲੀ ਰਾਸ਼ੀ ਨਾਲ ਸਮਝੌਤਾ ਕਰਨਾ ਪਿਆ। ਟਰੰਪ ਨੇ ਇਸ ਲਈ 5.7 ਅਰਬ ਡਾਲਰ ਦੀ ਮੰਗ ਕੀਤੀ ਸੀ, ਪਰ ਉਸ ਨੂੰ ਬਹੁਤ ਘੱਟ ਕਰੀਬ 1.4 ਅਰਬ ਡਾਲਰ ਰਾਸ਼ੀ ਮਿਲ ਰਹੀ ਹੈ। ਇਸ ਰਾਸ਼ੀ ਨਾਲ ਸਿਰਫ਼ 55 ਮੀਲ ਲੰਮੀ ਕੰਡਿਆਲੀ ਤਾਰ ਲੱਗ ਸਕਦੀ ਹੈ ਜਦਕਿ ਟਰੰਪ ਨੇ ਪੱਕੀ ਕੰਧ ਬਣਾਉਣ ਦਾ ਵਾਅਦਾ ਕੀਤਾ ਸੀ।


**Biryani Express**

ਸੇਲ Sale ਸੇਲ

An Absolute Gold Mine Restaurant. Very Steady Sales With Clientele.
In 1400 sqft, Located By In-N-Out Anchored Shopping Center, Across From Costco.
Low Rent With Long Lease. The Owner is Selling Due To Health Reasons

**Indian/Pakistani Restaurant For Sale**

**3900 Pelandale Ave., Modesto, CA**

Sale Price: $120,000

Contact: Pervaiz Bhatti
Phone: (209)324-8109



MANDEEP SANDHU

**SANDHU IMMIGRATION CONSULTANT**

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

ਵੀਜ਼ਾ

WE OPEN 7-DAYS A WEEK

Note: I am not an Immigration Attorney.

msandhu2014@gmail.com

(209-373-3562)

3222 PENELOPE DR. STOCKTON, CA- 95212
(NEAR HWY 99 ON MORADA LANE)

SINCE 1996

**BAGGA JEWELERS**

916-912-8842, 916-329-8772

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



6930 65TH STREET # 115 SACRAMENTO CA 95823

Sandeep Jony Bagga



RAMESH SUMAN
Broker Realtor
RCS-D ™

**MAJESTIC HOMES**

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

**SAROAY INVESTMENT REALTY**

Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

**Amrik Chand (CPA)**

Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
rajasweetsandcatering
Follow us on Twitter
rajasweets


ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
Kash
FABRICS
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਵ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ, ਸੇਲਮਾ

ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ, ਸੇਲਮਾ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ ਮਿਤੀ 22, 23, 24 ਫਰਵਰੀ 2019 ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ 22 ਫਰਵਰੀ 2019 ਦਿਨ ਸ਼ੁੱਕਰਵਾਰ ਨੂੰ ਸਵੇਰੇ 9-10 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਅਤੇ 10.30 ਵਜੇ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ। 23 ਫਰਵਰੀ ਨੂੰ 5.30 ਤੋਂ 7 ਵਜੇ ਤੱਕ ਬੱਚਿਆਂ ਵੱਲੋਂ ਕੀਰਤਨ ਹੋਵੇਗਾ। 24 ਫਰਵਰੀ ਨੂੰ 10:30 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਸ ਉਪਰੰਤ ਕੀਰਤਨ ਦਰਬਾਰ ਤੇ ਕਥਾ ਦੀ ਵਿਚਾਰਾਂ ਹੋਣਗੀਆਂ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਇਸ ਮੌਕੇ ਪ੍ਰਸਿੱਧ ਰਾਗੀ/ਕੀਰਤਨ ਜਥਿਆਂ ਵਿਚ ਜੋਗਿੰਦਰ ਸਿੰਘ ਚੰਦਨ, ਯੋਧਾਵਰ ਸਿੰਘ, ਸੁਖਵਿੰਦਰ ਸਿੰਘ, ਹਰਬਲਾਸ ਸਿੰਘ, ਬਘੇਲ ਸਿੰਘ ਆਪਣੇ ਰਸਭਿੰਨਾ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।



## ਪ੍ਰੋਗਰਾਮਾਂ ਦਾ ਵੇਰਵਾ

**22 ਫਰਵਰੀ 2019** ਦਿਨ ਸ਼ੁੱਕਰਵਾਰ ਸਵੇਰੇ 9-10 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਅਤੇ 10.30 ਵਜੇ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ।

**23 ਫਰਵਰੀ** ਨੂੰ 5.30 ਤੋਂ 7 ਵਜੇ ਤੱਕ ਬੱਚਿਆਂ ਵੱਲੋਂ ਕੀਰਤਨ ਹੋਵੇਗਾ।

**24 ਫਰਵਰੀ** ਨੂੰ 10:30 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

**ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਉਤਸ਼ਾਹ ਨਾਲ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**




### ਸੰਗਤ ਦੇ ਸੇਵਾਦਾਰ

ਗੁਰੂ ਘਰ ਦਾ ਫੋਨ ਨੰਬਰ
559-891-8286

ਮਾਸਟਰ ਗੁਰਬਚਨ ਸਿੰਘ
559-375-4691

ਦੇਵਰਾਜ ਸਿੰਘ
559-916-6202

ਸੁਲੱਖਣ ਸਿੰਘ
559-285-1288

ਮਨੋਹਰ ਗਾਦੜਾ
559-546-3437

**2650 Blaine Avenue Selma (CA) 93662**

# ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਪੁੱਜੇ ਹੜਤਾਲੀ ਪ੍ਰਵਾਸੀਆਂ ਨੂੰ ਜਬਰਨ ਦਿੱਤਾ ਜਾ ਰਿਹਾ ਹੈ ਤਰਲ ਪਦਾਰਥ

## ਇਹਨਾਂ ਵਿਚ ਸਿੱਖਾਂ ਸਮੇਤ ਕੁਝ ਪੰਜਾਬੀ ਪ੍ਰਵਾਸੀ ਵੀ ਸ਼ਾਮਲ ਹਨ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਅਮਰੀਕਾ ਵਿਚ ਗੈਰ ਕਾਨੂੰਨੀ ਤੌਰ ਤੇ ਪੁੱਜੇ 10 ਭਾਰਤੀਆਂ ਸਮੇਤ 30 ਦੇ ਕਰੀਬ ਪ੍ਰਵਾਸੀ ਪੁਲਿਸ ਹਿਰਾਸਤ ਵਿਚ ਪਿਛਲੇ ਮਹੀਨੇ ਤੋਂ ਹੜਤਾਲ 'ਤੇ ਹਨ। ਇਨਾਂ ਨੂੰ ਟੈਕਸਾਸ ਦੇ ਐਲ ਪਾਸੋ ਬੰਦੀ ਕੇਂਦਰ ਵਿਚ ਰਖਿਆ ਗਿਆ ਹੈ। ਹਾਲਾਂ ਕਿ ਗ੍ਰਿਫਤਾਰ ਪ੍ਰਵਾਸੀਆਂ ਦੇ ਨਾਵਾਂ ਬਾਰੇ ਜਾਣਕਾਰੀ ਨਹੀਂ ਮਿਲ ਸਕੀ ਪਰ ਇਨਾਂ ਵਿਚ ਸਿੱਖਾਂ ਸਮੇਤ ਕੁਝ ਪੰਜਾਬੀ ਪ੍ਰਵਾਸੀ ਵੀ ਸ਼ਾਮਿਲ ਹਨ।

ਅਮਰੀਕੀ ਇਮੀਗ੍ਰੇਸ਼ਨ ਤੇ ਕਸਟਮ ਇਨਫੋਰਸਮੈਂਟ (ਆਈ.ਸੀ.ਈ) ਨੇ ਐਲ ਪਾਸੋ ਬੰਦੀ ਕੇਂਦਰ ਵਿਚ 9 ਪ੍ਰਵਾਸੀ ਹੋਣ ਦੀ ਪੁਸ਼ਟੀ ਕੀਤੀ ਹੈ। ਇਨਾਂ ਨੂੰ ਅਦਾਲਤ ਦੇ ਹੁਕਮ ਤੇ ਜਬਰਨ ਤਰਲ ਖਾਣਾ ਦਿੱਤਾ ਜਾ ਰਿਹਾ ਹੈ। ਇਹ ਤਰਲ ਪਦਾਰਥ ਨੱਕ ਤੇ ਗਲੇ ਵਿਚ ਪਾਈਆਂ ਪਾਈਪਾਂ ਰਾਹੀਂ ਦਿੱਤਾ ਜਾਂਦਾ ਹੈ। ਇਨਾਂ ਵਿਚੋਂ ਪੰਜਾਬ ਨਾਲ ਸਬੰਧਤ ਇਕ ਪ੍ਰਵਾਸੀ ਨੇ ਇਕ ਨਿਊਜ਼ ਏਜੰਸੀ ਨੂੰ ਦਸਿਆ ਕਿ ਉਨਾਂ ਨੂੰ ਜ਼ਬਰਨ ਤਰਲ ਪਦਾਰਥ ਦੇਣ ਨਾਲ ਬਹੁਤ ਤਕਲੀਫ ਹੁੰਦੀ ਹੈ। ਉਨਾਂ ਨੂੰ ਸਾਹ ਲੈਣ ਵਿਚ ਵੀ ਕਠਿਨਾਈ ਆ ਰਹੀ ਹੈ। ਉਸ ਨੇ ਦਸਿਆ ਕਿ ਉਹ ਤੇ ਹੋਰ ਪੰਜਾਬੀ ਆਪਣੇ ਹੱਕਾਂ ਲਈ ਲੜ ਰਹੇ ਹਨ ਪਰ ਉਨਾਂ ਨਾਲ ਘਟੀਆ ਸਲੂਕ ਕੀਤਾ ਜਾ ਰਿਹਾ ਹੈ। ਉਨਾਂ ਨੂੰ ਜ਼ਮਾਨਤ ਨਹੀਂ ਦਿੱਤੀ ਜਾ ਰਹੀ ਜਦ ਕਿ ਹੋਰ ਦੇਸ਼ਾਂ ਦੇ ਪ੍ਰਵਾਸੀ ਆਜ਼ਾਦ ਕਰ ਦਿੱਤੇ ਗਏ ਹਨ। ਦੂਸਰੇ ਪਾਸੇ ਆਈ.ਸੀ.ਈ ਨੇ




ਸਪਸ਼ਟ ਕੀਤਾ ਹੈ ਕਿ ਉਹ ਸਾਰੇ ਲੋਕਾਂ ਦੇ ਅਧਿਕਾਰਾਂ ਦਾ ਪੂਰਾ ਸਤਿਕਾਰ ਕਰਦੇ ਹਨ ਤੇ ਹਰ ਕੋਈ ਆਪਣੇ ਵਿਚਾਰ ਬਿਨਾਂ ਕਿਸੇ ਰੋਕ ਟੋਕ ਦੇ ਰਖ ਸਕਦਾ ਹੈ। ਜ਼ਬਰਨ ਤਰਲ ਪਦਾਰਥ ਦੇਣ ਬਾਰੇ ਆਈਆਂ ਮੁੱਢਲੀਆਂ ਰਿਪੋਰਟਾਂ ਉਪਰੰਤ ਐਲ ਪਾਸੋ ਦੇ ਡੈਮੋਕਰੈਟ ਆਗੂ ਵੈਰੋਨੀਸਾ ਐਸਕਾਬਰ ਨੇ ਬੰਦੀ ਕੇਂਦਰ ਵਿਚਲੇ ਕੁਝ ਪ੍ਰਵਾਸੀਆਂ ਨਾਲ ਮਿਲਣ ਉਪਰੰਤ ਟਵੀਟ ਕੀਤਾ ਸੀ ਕਿ ਸਥਿੱਤੀ ਨਾ ਸਵਿਕਾਰਨਯੋਗ ਹੈ।

ਮਿਆਮੀ, ਫੋਨਿਕਸ, ਸਨ ਡਿਆਗੋ ਤੇ ਸਨ ਫਰਾਂਸਿਸਕੋ ਖੇਤਰਾਂ ਦੇ ਕੁਝ ਬੰਦੀ ਕੇਂਦਰਾਂ ਵਿਚ ਵੀ ਕੁਝ ਪ੍ਰਵਾਸੀ ਹੜਤਾਲ ਤੇ ਦਸੇ ਜਾਂਦੇ ਹਨ। ਇਨਾਂ ਪ੍ਰਵਾਸੀਆਂ ਵਿਚ ਕੁਝ ਅਜਿਹੇ ਪ੍ਰਵਾਸੀ ਵੀ ਸ਼ਾਮਿਲ ਹਨ ਜਿਨਾਂ ਦੀ ਰਾਜਸੀ ਸ਼ਰਨ ਲਈ ਕੀਤੀ ਬੇਨਤੀ ਰੱਦ ਹੋ ਚੁੱਕੀ ਹੈ।

# ਮੇਅਰ ਰਵੀ ਭੱਲਾ ਨੇ ਮੁੜ ਚੋਣ ਲੜਨ ਲਈ ਇਕ ਸਾਲ ਵਿਚ ਜੁਟਾਇਆ 80 ਹਜਾਰ ਡਾਲਰ ਤੋਂ ਵਧ ਫੰਡ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਹੋਬੋਕਨ ਸ਼ਹਿਰ ਦੇ ਮੇਅਰ ਰਵੀ ਭੱਲਾ ਨੇ ਦੁਬਾਰਾ ਚੋਣ ਲੜਨ ਲਈ ਹੁਣ ਤੋਂ ਹੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਹਾਲਾਂ ਕਿ ਚੋਣ 3 ਸਾਲ ਬਾਅਦ ਹੋਣੀ ਹੈ ਪਰ ਉਸ ਨੇ ਹੁਣ ਤੋਂ ਹੀ ਆਪਣੀ ਚੋਣ ਮੁਹਿੰਮ ਆਰੰਭ ਦਿੱਤੀ ਹੈ। ਪਿਛਲੇ ਤਿੰਨ ਮਹੀਨਿਆਂ ਦੀ ਮੁਹਿੰਮ ਦੌਰਾਨ ਭੱਲਾ 40175 ਡਾਲਰ ਜੁਟਾ ਚੁੱਕੇ ਹਨ। ਆਪਣੇ ਕਾਰਜਕਾਲ ਦੇ ਪਹਿਲੇ ਸਾਲ ਵਿਚ ਉਹ ਚੋਣ ਫੰਡ ਵਜੋਂ 81641 ਡਾਲਰ ਇਕੱਠੇ ਕਰ ਚੁੱਕੇ ਹਨ। ਉਸ ਦੇ ਬੁਲਾਰੇ ਵਿਜੇ ਚੌਧਰੀ ਨੇ ਕਿਹਾ ਹੈ ਕਿ ਭੱਲਾ ਬਹੁਤ ਹੀ ਸਾਕਾਰਤਮਿਕ ਸਰਗਰਮ ਪਹੁੰਚ ਅਪਣਾ ਰਹੇ ਹਨ। ਉਸ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ। ਜੂਨ ਤੋਂ ਬਾਅਦ ਉਹਨਾਂ ਨੂੰ 35000 ਡਾਲਰ ਉਹਨਾਂ ਲੋਕਾਂ ਵੱਲੋਂ ਫੰਡ ਮਿਲਿਆ ਹੈ ਜੋ ਹੋਬੋਕਨ ਸ਼ਹਿਰ ਵਿਚ ਨਹੀਂ ਰਹਿੰਦੇ। 15000 ਡਾਲਰ ਸਥਾਨਕ ਲੋਕਾਂ ਵੱਲੋਂ ਦਿੱਤੇ ਗਏ ਹਨ। ਸ੍ਰੀ ਭੱਲਾ ਮੇਅਰ ਵਜੋਂ ਬਹੁਤ ਹੀ ਵਧੀਆ ਸੇਵਾਵਾਂ ਨਿਭਾ ਰਹੇ ਹਨ। ਭਾਰਤੀਆਂ ਵਿਸ਼ੇਸ਼ ਕਰਕੇ ਪੰਜਾਬੀਆਂ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ।

# ਸਮਾਜ ਸੇਵਕ ਰੋਬਿੰਦਰ ਸਿੰਘ ਰੌਬਿਨ ਦੀ ਸੈਨਹੋਜੇ ਵਿਖੇ ਸੜਕ ਹਾਦਸੇ ਵਿਚ ਮੌਤ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਭਾਰਤੀ ਮੂਲ ਦੇ ਅਮਰੀਕੀ ਰੋਬਿੰਦਰ ਸਿੰਘ ਰੌਬਿਨ ਉਰਫ ਭੂਰਜੀ ਦੀ ਸੈਨਹੋਜੇ ਵਿਖੇ ਇਕ ਸੜਕ ਹਾਦਸੇ ਵਿਚ ਮੌਤ ਹੋ ਜਾਣ ਉਪਰੰਤ ਸਨ ਫਰਾਂਸਿਸਕੋ ਬੇਅ ਖੇਤਰ ਵਿਚ ਰਹਿੰਦੇ ਭਾਰਤੀ ਭਾਈਚਾਰੇ ਵਿਚ ਸੋਗ ਦੀ ਲਹਿਰ ਦੌੜ ਗਈ । ਭੂਰਜੀ ਇਕ ਤਕਨੀਕੀ ਫਰਮ ਕੇ ਟੀ ਵੀ ਯੂ ਵਿਚ ਕੰਮ ਕਰਦੇ ਸਨ। 57 ਸਾਲਾ ਭੂਰਜੀ ਕਲੋਵਰਹਿਲ ਡਰਾਈਵ ਨੇੜੇ ਅਲਮਾਡੇਨ ਐਕਸਪ੍ਰੈਸਵੇਅ ਉਪਰ ਇਕ ਵਾਹਣ ਦੀ ਲਪੇਟ ਵਿਚ ਆ ਗਏ ਸਨ। ਹਾਦਸੇ ਵਾਲੇ ਸਥਾਨ ਨੇੜੇ ਹੀ ਉਨਾਂ ਦਾ ਘਰ ਹੈ। ਭੂਰਜੀ ਆਪਣੇ ਭਾਈਚਾਰੇ ਤੇ ਮਿੱਤਰਾਂ ਦੋਸਤਾਂ ਵਿਚ ਬਹੁਤ ਹਰਮਨ ਪਿਆਰੇ ਸਨ ਤੇ ਉਹ ਸਮਾਜਿਕ ਕੰਮਾਂ ਵਿੱਚ ਵੱਧ ਚੜ ਕੇ ਹਿੰਸਾ ਲੈਂਦੇ ਸਨ।






# BSP Supporters USA ਦੀ ਮੀਟਿੰਗ




Fresno- BSP Supporters USA ਦੀ ਮੀਟਿੰਗ Fresno California ਵਿਖੇ February 9, 2019 ਨੂੰ ਹੋਈ ਜਿਸ ਵਿੱਚ 2019 ਦੀਆਂ ਚੋਣਾਂ ਦੇ ਸਬੰਧ ਵਿਚ ਵਿਚਾਰਾਂ ਹੋਈਆਂ ਜਿਸ ਵਿੱਚ Sacramento, Yuba City, Selma, Dinuba, Hanford ਅਤੇ Fresno ਤੋਂ ਸਾਥੀ ਸ਼ਾਮਿਲ ਹੋਏ। ਸ. ਹਰਬਲਾਸ ਸਿੰਘ ਝਿੰਗੜ ਜੀ ਨੂੰ ਸਰਬਸੰਮਤੀ ਨਾਲ ਬਸਪਾ ਸਪੋਰਟਰਜ ਯੂ ਐਸ ਏ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ।

ਵਿਚਾਰਾਂ ਦੌਰਾਨ ਕੁਝ ਮਤੇ ਵੀ ਪਾਸ ਕੀਤੇ ਗਏ ਜੋ ਬਸਪਾ ਲੀਡਰਸ਼ਿਪ ਤੱਕ ਪ੍ਰਧਾਨ ਹਰਬਲਾਸ ਝਿੰਗੜ ਜੀ ਦੁਆਰਾ ਪਹੁੰਚਾ ਦਿੱਤੇ ਜਾਣਗੇ। ਸਾਰਿਆਂ ਨੇ ਮਿਸ਼ਨ 2019 ਲਈ ਤਨ ਮਨ ਧੰਨ ਨਾਲ ਸਾਥ ਦੇਣ ਦਾ ਵਾਅਦਾ, ਤੇ ਭੈਣ Mayawati ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਹਰ ਸੰਭਵ ਯਤਨ ਕਰਨ ਦਾ ਯਕੀਨ ਦਿਵਾਇਆ। ਸਾਰੇ NRI ਸਾਥੀਆਂ ਨੂੰ ਪਾਰਟੀ ਨਾਲ ਤਨ ਮਨ ਧੰਨ ਨਾਲ ਮਦਦ ਕਰਨ ਦੀ ਬੇਨਤੀ ਕਰਦਿਆਂ ਸਾਰੇ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ ਗਿਆ।



ਜ਼ਿਲ੍ਹਾ ਕਪੂਰਥਲਾ ਕਾਂਗਰਸ ਦੀ ਮੌਜੂਦਾ ਪ੍ਰਧਾਨ ਬਲਬੀਰ ਰਾਣੀ ਸੋਢੀ ਨੇ ਵੀ ਹੁਸ਼ਿਆਰਪੁਰ ਲੋਕ ਸਭਾ ਸੀਟ ਤੋਂ ਆਪਣੀ ਦਾਅਵੇਦਾਰੀ ਪੇਸ਼ ਕੀਤੀ ਹੈ। ਵਰਣਨਯੋਗ ਹੈ ਕਿ ਬਲਬੀਰ ਰਾਣੀ ਸੋਢੀ ਲੰਮੇ ਸਮੇਂ ਤੋਂ ਕਾਂਗਰਸ ਨਾਲ ਜੁੜੀ ਹੋਈ ਹੈ ਅਤੇ ਮਹਿਲਾ ਕਾਂਗਰਸ ਦੀ ਸੇਵਾ ਨਿਭਾਅ ਰਹੀ ਹੈ। ਇੰਨਾ ਹੀ ਨਹੀਂ ਰਾਣੀ ਸੋਢੀ ਦੇ ਪਤੀ ਬਲਬੀਰ ਰਾਜਾ ਸੋਢੀ ਵੀ ਲੰਮੇ ਸਮੇਂ ਤੋਂ ਕਾਂਗਰਸ ਵਿਚ ਹਨ ਅਤੇ ਕੈਪਟਨ ਦੇ ਖਾਸ ਵਿਅਕਤੀਆਂ ਵਿਚੋਂ ਇਕ ਜਾਣੇ ਜਾਂਦੇ ਹਨ।

# ਸ. ਹਰਨਾਮ ਸਿੰਘ ਉੱਭੀ ਦੇ ਅਕਾਲ ਚਲਾਣੇ 'ਤੇ ਉੱਭੀ ਪਰਿਵਾਰ ਨੂੰ ਭਾਰੀ ਸਦਮਾ



S. Harnam Singh Ubhi

**ਫਰਿਜ਼ਨੋ (ਨੀਟਾ ਮਾਛੀਕੇ):** ਕੈਲੀਫੋਰਨੀਆਂ ਦੇ ਸ਼ਹਿਰ ਫਰਿਜ਼ਨੋ ਵਿੱਚ ਪੰਜਾਬੀ ਪੱਤਰਕਾਰੀ ਅੰਦਰ ਸੇਵਾਵਾ ਨਿਭਾ ਰਹੇ ਕੁਲਵੰਤ ਉੱਭੀ ਧਾਲੀਆਂ ਦੇ ਸਤਿਕਾਰਯੋਗ ਦਾਦਾ ਜੀ ਸ. ਹਰਨਾਮ ਸਿੰਘ ਉੱਭੀ ਆਪਣੀ ਪਰਮਾਤਮਾ ਵੱਲੋਂ ਬਖ਼ਸ਼ੀ ਆਪਣੀ ਲੰਮੀ ਉਮਰ ਭੋਗਦੇ ਹੋਏ ਬੀਤੀ 5 ਫਰਬਰੀ ਨੂੰ ਅਕਾਲ ਚਲਾਣਾ ਕਰ ਗਏ ਸਨ। ਅੰਤਮ ਸਮੇਂ ਉਨ੍ਹਾਂ ਦੀ ਉਮਰ 99 ਸਾਲਾ ਸੀ ਅਤੇ ਸਾਰੀ ਉਮਰ ਤੰਦਰੁਸਤੀ ਵਿੱਚ ਬਿਤਾਈ। ਉਹ ਸ਼ਾਂਤ ਅਤੇ ਸੰਤ ਸੁਭਾਅ ਦੇ ਮਾਲਕ ਸਨ। ਜੋ ਆਪਣੇ ਇਲਾਕੇ ਦੇ ਸਤਿਕਾਰਯੋਗ ਇਨਸਾਨ ਸਨ। ਜਿੰਨ੍ਹਾਂ ਨੂੰ ਉਨ੍ਹਾਂ ਦੀਆਂ ਪਰਿਵਾਰਕ, ਧਾਰਮਿਕ ਅਤੇ ਸਮਾਜਿਕ ਸੇਵਾਵਾ ਬਦਲੇ ਹਮੇਸਾ ਯਾਦ ਕੀਤਾ ਜਾਂਦਾ ਰਹੇਗਾ। ਉਹ ਆਪਣੇ ਪਿੰਡ ਧਾਲੀਆਂ, ਜਿਲ੍ਹਾਂ ਲੁਧਿਆਣਾ, ਪੰਜਾਬ ਵਿੱਚ ਰਹਿੰਦੇ ਸਨ। ਇੱਥੇ ਹੀ ਇੰਨ੍ਹਾਂ ਆਪਣੀ ਜ਼ਿੰਦਗੀ ਦਾ ਸਫਰ ਪੂਰਾ ਕਰ ਆਪਣੇ ਪਿੱਛੇ ਪਰਿਵਾਰ ਦੀ ਹੱਸਦੀ-ਖੇਡਦੀ ਫੁੱਲਬਾੜੀ ਛੱਡ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸਹਿਜ ਪਾਠ ਦਾ ਭੋਗ, ਸਰਧਾਜ਼ਲੀਆਂ ਅਤੇ ਅੰਤਮ ਅਰਦਾਸ ਦੀ ਰਸ਼ਮ ਮਿਤੀ 15 ਫਰਬਰੀ, ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਕੈਬਾਂ ਸਾਹਿਬ ਪਤਸਾਹੀ ਛੇਵੀਂ, ਪਿੰਡ ਧਾਲੀਆਂ, ਜਿਲ੍ਹਾਂ ਲੁਧਿਆਣਾ, ਪੰਜਾਬ ਵਿਖੇ ਹੋਵੇਗੀ। ਇਸ ਦੁੱਖ ਦੀ ਘੜੀ ਵਿੱਚ ਸਾਮਲ ਹੋਣ ਜਾਂ ਵਧੇਰੇ ਜਾਣਕਾਰੀ ਲਈ ਉਨ੍ਹਾਂ ਦੇ ਪੋਤਰੇ ਕੁਲਵੰਤ ਉੱਭੀ ਧਾਲੀਆਂ ਨਾਲ ਫੋਨ ਨੰਬਰ (559) 473-9264 ਜਾਂ ਪੰਜਾਬ ਰਹਿੰਦੇ ਪੋਤਰੇ ਤੇਜਿੰਦਰ ਸਿੰਘ ਉੱਭੀ (ਡਿੰਪਲ) ਨਾਲ ਫੋਨ ਨੰਬਰ +91 94172 64577 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਅਦਾਰਾ ਦੇਸ਼ ਦੁਆਬਾ ਉਭੀ ਧਾਲੀਆ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਦਿਲੀ ਹਮਦਰਦੀ ਪ੍ਰਗਟ ਕਰਦਾ ਹੈ।

# ਬਾਈ ਸੁਰਜੀਤ ਦਾ ਗੀਤ 'ਪੰਜਾਬ' ਦੋਨੋ ਪੰਜਾਬਾਂ ਦੇ ਕਲਾਕਾਰਾਂ ਨੇ ਫਰਿਜ਼ਨੋ ਵਿਖੇ ਕੀਤਾ ਰਿਲੀਜ਼

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਪੁਰਾਤਨ ਸਮੇਂ ਵਿੱਚ ਸੋਨੇ ਦੀ ਚਿੜੀ ਕਿਹਾ ਜਾਣ ਵਾਲਾ ਪੰਜਾਬ ਅਤੇ ਉੱਥੋਂ ਦੇ ਲੋਕਾ ਉੱਪਰ ਪੱਛਮੀ ਸੱਭਿਆਚਾਰ ਦਾ ਬਹੁਤ ਪ੍ਰਭਾਵ ਪਿਆ। ਦੇਖੋ-ਦੇਖ ਜਿਉ ਹੀ ਉੱਥੋ ਦੇ ਲੋਕ ਆਧੁਨਿਕਤਾ ਵੱਲ ਵਧੇ ਤਾਂ ਨਾਲ ਹੀ ਉਨ੍ਹਾਂ ਦਾ ਸੱਭਿਆਚਾਰ ਵੀ ਖਤਮ ਹੋਣ ਲੱਗਾ। ਜਿਸ ਨੂੰ ਬੇਸੱਕ ਉਨ੍ਹਾਂ ਨੇ ਮਹਿਸੂਸ ਨਹੀਂ ਕੀਤਾ, ਪਰ ਪੰਜਾਬ ਤੋਂ ਦੂਰ ਬੈਠੇ ਵਿਦੇਸ਼ੀ ਲੋਕਾਂ ਨੇ ਇਸ ਦੇ ਦਰਦ ਨੂੰ ਮਹਿਸੂਸ ਕੀਤਾ। ਅੱਜ ਵੀ ਵਿਦੇਸ਼ਾਂ ਵਿੱਚ ਪੰਜਾਬ ਨੂੰ ਸੰਭਾਲ ਕੇ ਰੱਖਿਆਂ ਗਿਆ ਹੈ। ਜਦ ਕਿ ਅਸਲ ਪੰਜਾਬ ਵਿੱਚ ਪਿਆਰ ਮੁੱਕ ਗਿਆ ਜਾਪਦਾ ਹੈ। ਬਨਾਵਟੀਪਣ, ਲੋਕ ਦਿਖਾਵਾ ਅਤੇ ਮਤਲਬੀ ਸੋਚ ਦਾ ਪਹਿਰਾ ਹੈ।

ਅੱਜ ਤੱਕ ਪੰਜਾਬ ਦੇ ਹਾਲਾਤਾਂ ਨੂੰ ਲੈ ਬਹੁਤ ਸਾਰੇ ਗੀਤ ਆਏ। ਹੁਣ ਪੰਜਾਬ ਦੇ ਬਦਲਦੇ ਹੋਏ ਇਸੇ ਦੁਖਾਂਤ ਅਤੇ ਹਾਲਤਾਂ ਨੂੰ ਅਦਾਕਾਰ ਅਤੇ ਗਾਇਕ ਬਾਈ ਸੁਰਜੀਤ ਨੇ ਆਪਣੇ ਗੀਤ 'ਪੰਜਾਬ' ਰਾਹੀ ਬਹੁਤ ਹੀ ਨਵੇਕਲੇ ਢੰਗ ਨਾਲ ਪੇਸ਼ ਕੀਤਾ। ਇਸ ਗੀਤ ਵਿੱਚ ਟੁੱਟ ਰਹੇ ਪਿਆਰ ਅਤੇ ਇਨਸਾਨੀ ਰਿਸ਼ਤਿਆਂ ਵਿੱਚ ਪੈ ਰਹੀਆ ਤਰੇੜਾ ਦਾ ਦਰਦ ਹੈ। ਜਿਸ ਦਾ ਮਨੋਰਥ ਪੁਰਾਤਨ ਪੀੜੀ ਨੂੰ ਨਾਲ ਰੱਖਦੇ ਹੋਏ, ਅੱਜ ਦੇ ਨੌਜਵਾਨ



ਵਰਗ ਨੂੰ ਵੀ ਨਾਲ ਜੋੜਨਾ ਹੈ। ਇਸ ਗੀਤ ਨੂੰ ਪ੍ਰਸਿੱਧ ਫਿਲਮੀ ਗੀਤਕਾਰ ਬੌਬੀ ਤੰਗੜਾਵਾਲਾ ਨੇ ਲਿਖਿਆਂ ਅਤੇ ਸੰਗੀਤ ਜੱਸੀ ਭੋਗਲ ਦਾ ਹੈ। ਜਿਸ ਨੂੰ ਡਰੀਮ ਵਨ ਫਿਲਮਜ਼ ਅਤੇ ਸਿਵਮ ਕਰੇਸਨ ਦੁਆਰਾਂ ਪੇਸ਼ ਕੀਤਾ ਗਿਆ। ਇਸ ਗੀਤ ਨੂੰ ਸਾਹਿੱਤਕ ਸ਼ਖ਼ਸੀਅਤਾਂ ਦੀ ਹਾਜ਼ਰੀ ਵਿੱਚ 'ਫਰਿਜ਼ਨੋ ਡਰੀਮਜ਼ ਸਟੂਡੀਉ' ਦੇ ਹਾਲ ਵਿੱਚ ਰਿਲੀਜ਼ ਕੀਤਾ ਗਿਆ। ਇਸ ਵਿਸ਼ੇਸ਼ ਸਮਾਗਮ ਵਿੱਚ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਨੇ ਰਲ ਪੰਜਾ-ਬੀਅਤ ਬਾਰੇ ਵਿਚਾਰਾਂ ਕੀਤੀਆਂ। ਜਿਸ ਵਿੱਚ ਇੱਥੋ ਦੇ ਨਾਮਵਰ ਗਾਇਕਾ, ਗੀਤਕਾਰਾਂ ਅਤੇ ਸਹਿਯੋਗੀਆਂ ਨੇ ਹਾਜ਼ਰੀ ਭਰੀ। ਗਾਇਕਾ ਵਿੱਚ ਧਰਮਵੀਰ ਥਾਂਦੀ, ਰਾਜੇਸ਼ ਰਾਜੂ, ਬੱਲੂ ਸਿੰਘ, ਤੇਜ਼ੀ ਪੱਡਾ, ਗੁੱਲੂ ਸਿੱਧੂ ਬਰਾੜ, ਗਾਇਕਾ ਜੋਤ ਰਣਜੀਤ ਆਦਿਕ ਦੇ ਨਾਂ ਸਾਮਲ ਹਨ। ਜਦ ਕਿ ਬਾਕੀ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਬਲਾਰਿਆ ਵਿੱਚ ਫਿਲਮ ਡਾਇਰੈਕਟਰ ਅਤੇ ਅਦਾਕਾਰ ਗੁਰਦੀਸ ਪੰਜਾਬੀ, ਗੀਤਕਾਰ, ਗਾਇਕ ਅਤੇ ਫਿਲਮ ਡਾਇਰੈਕਟਰ ਮਲਕੀਤ ਮੀਤ ਤੋਂ ਇਲਾਵਾ ਭਾਜੀ ਤਰਨ ਸਿੰਘ, ਖਾਦਿਮ ਹੁਸ਼ੈਨ, ਜਸਵੰਤ ਮਹਿੰਮੀ, ਜਿੰਮੀ ਸਿੰਘ, ਪਰਮਜੀਤ ਸਿੰਘ, ਸੰਨਦੀਪ ਸੰਨੀ ਮੈਹਿਤ, ਜਸਬੀਰ ਸਰਾਏ, ਅੰਮ੍ਰਿਤ ਗਰੇਵਾਲ, ਰੇਡੀਓ ਹੋਸ਼ਟ ਸੁੱਖੀ ਹੇਅਰ ਆਦਿਕ ਦੇ ਨਾਂ ਸਾਮਲ ਹਨ। ਇਸ ਪ੍ਰੋਗਰਾਮ ਦੌਰਾਨ ਬੁਲਾਰਿਆਂ ਤੋਂ ਇਲਾਵਾ ਗਾਇਕੀ ਦਾ ਦੌਰ ਵੀ ਚੱਲਿਆ, ਜਿਸ ਇਸ ਵਿਦੇਸ਼ਾਂ ਵਿੱਚ ਵੱਸੇ ਪੰਜਾਬ ਨੂੰ ਆਪਣੇ ਸੱਭਿਆਚਾਰ ਨਾਲ ਜੁੜੇ ਰਹਿਣ ਦਾ ਇਕ ਨਵਾਂ ਮੌਕਾ ਦਿੱਤਾ ਗਿਆ। ਸਟੇਜ਼ ਸੰਚਾਲਨ ਅਦਾਕਾਰ ਅਤੇ ਗਾਇਕ ਬੱਲੂ ਸਿੰਘ ਨੇ ਬਾਖੂਬੀ ਕੀਤਾ। ਅੰਤ ਬਾਈ ਸੁਰਜੀਤ ਨੇ ਸਮੂੰਹ ਹਾਜ਼ਰੀਨ ਅਤੇ ਸਹਿਯੋਗੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ।


## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com





Shangara Ram
Realtor CalBRE# 01969522

BERKSHIRE HATHAWAY
Home Services
ELITE REAL ESTATE

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-558, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

ਦੇਸ਼ ਦੁਆਬਾ

# ਆਪੋ-ਆਪਣੀ ਜ਼ਮੀਨ ਤਲਾਸ਼ ਰਹੀਆਂ ਸਿਆਸੀ ਪਾਰਟੀਆਂ

ਭਾਰਤ ਵਿਚ ਅਗਲੇ ਕੁਝ ਮਹੀਨਿਆਂ ਵਿਚ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਦੇ ਲਈ ਸਿਆਸੀ ਤੌਰ ਤੇ ਸਰਗਰਮੀਆਂ ਬਹੁਤ ਤੇਜ਼ ਹੋ ਗਈਆਂ ਹਨ। ਸਾਰੀਆਂ ਪਾਰਟੀਆਂ ਇਹਨਾਂ ਚੋਣਾਂ ਵਿਚ ਆਪੋ-ਆਪਣੀ ਸਿਆਸੀ ਜ਼ਮੀਨ ਤਲਾਸ਼ਣ ਵਿਚ ਲੱਗੀਆਂ ਹਨ। ਇਕ ਪਾਸੇ ਭਾਰਤੀ ਜਨਤਾ ਪਾਰਟੀ ਆਪਣੇ ਪਹਿਲੇ ਹੀ ਭਾਈਵਾਲਾਂ ਦੇ ਨਾਲ ਮਿਲ ਕੇ ਚੋਣਾਂ ਲੜਨ ਜਾ ਰਹੀ ਹੈ ਪਰ ਇਸ ਪਾਰਟੀ ਨੂੰ ਵੀ ਪੰਜਾਬ ਵਿਚ ਅਕਾਲੀ ਦਲ ਦੀ ਨਰਾਜ਼ਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਹਾਲਾਂਕਿ ਹੁਣ ਤੱਕ ਅਕਾਲੀ ਦਲ (ਬਾਦਲ) ਜੋ ਕਿ ਖੁਦ ਵੀ ਆਪਸੀ ਫੁੱਟ ਦਾ ਸਾਹਮਣਾ ਕਰ ਰਿਹਾ ਹੈ, ਇਹ ਤਹਿ ਨਹੀਂ ਕਰ ਸਕਿਆ ਕਿ ਉਹ ਭਾਜਪਾ ਨਾਲ ਮਿਲ ਕੇ ਚੋਣਾਂ ਲੜੇ ਜਾਂ ਫਿਰ ਇਕੱਲਿਆਂ ਹੀ ਆਪਣੇ ਉਮੀਦਵਾਰ ਮੈਦਾਨ ਵਿਚ ਉਤਾਰੇ।

ਉਤਰ ਪ੍ਰਦੇਸ਼ ਵਿਚ ਬਸਪਾ ਅਤੇ ਸਪਾ ਦਾ ਗੱਠਜੋੜ ਹੋ ਚੁੱਕਾ ਹੈ ਅਤੇ ਸੀਟਾਂ ਦੀ ਵੰਡ ਵੀ ਹੋ ਚੁੱਕੀ ਹੈ, ਪਰ ਦੂਜੇ ਪਾਸੇ ਕਾਂਗਰਸ ਉਤਰ ਪ੍ਰਦੇਸ਼ ਵਿਚ ਆਪਣੀ ਜ਼ਮੀਨ ਇਕੱਲਿਆਂ ਤਲਾਸ਼ਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਲਈ ਉਸ ਨੇ ਯੂ. ਵੀ. ਵਿਚ ਪ੍ਰਿਅੰਕਾ ਗਾਂਧੀ ਨੂੰ ਕਮਾਨ ਸੰਭਾਲੀ ਹੈ ਤਾਂ ਜੋ ਗਾਂਧੀ ਪਰਿਵਾਰ ਦੀ ਪੁਰਾਣੀ ਵਿਰਾਸਤ ਦਾ ਕੋਈ ਫਾਇਦਾ ਲਿਆ ਜਾ ਸਕੇ। ਇੱਧਰ ਭਾਜਪਾ ਉਤਰ ਪ੍ਰਦੇਸ਼ ਵਿਚ ਇਕੱਲਿਆਂ ਹੀ ਆਪਣੇ ਦਮ ਤੇ ਚੋਣਾਂ ਲੜ ਰਹੀ ਹੈ। ਬਿਹਾਰ ਵਿਚ ਭਾਜਪਾ ਆਪਣੇ ਪੁਰਾਣੇ ਭਾਈਵਾਲ ਦੇ ਨਾਲ ਹੈ। ਇਸ ਵਾਰ ਭਾਜਪਾ ਦਾ ਸਭ ਤੋਂ ਜ਼ਿਆਦਾ ਜ਼ੋਰ ਪੱਛਮੀ ਬੰਗਾਲ ਵਿਚ ਵੀ ਲੱਗ ਰਿਹਾ ਹੈ, ਜਿੱਥੇ ਕਾਂਗਰਸ ਅਤੇ ਤ੍ਰਿਣਾਮੂਲ ਕਾਂਗਰਸ ਆਪਸ ਵਿਚ ਤਾਂ ਇਕੱਠੇ ਨਜ਼ਰ ਆਉਂਦੇ ਹਨ ਪਰ ਤ੍ਰਿਣਾਮੂਲ ਕਾਂਗਰਸ, ਕਾਂਗਰਸ ਪਾਰਟੀ ਨੂੰ ਜ਼ਿਆਦਾ ਸੀਟਾਂ ਦੇਣ ਦੇ ਪੱਖ ਵਿਚ ਨਜ਼ਰ ਨਹੀਂ ਆਉਂਦੀ, ਹਾਲਾਂਕਿ ਤ੍ਰਿਣਾਮੂਲ ਕਾਂਗਰਸ ਦਾ ਮੁੱਖ ਮੁਕਾਬਲਾ ਇਸ ਵਾਰ ਭਾਜਪਾ ਨਾਲ ਹੀ ਦੱਸਿਆ ਜਾ ਰਿਹਾ ਹੈ। ਭਾਜਪਾ ਦੇ ਹੱਥੋਂ ਨਿਕਲ ਚੁੱਕੇ ਰਾਜਾਂ ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ ਵਿਚ ਭਾਜਪਾ ਪਹਿਲਾਂ ਵਰਗੀ ਕਾਰਗੁਜ਼ਾਰੀ ਦੀ ਆਸ ਰੱਖ ਰਹੀ ਹੈ। ਦੱਖਣੀ ਰਾਜਾਂ ਵਿਚ ਦੱਖਣ ਦੀਆਂ ਪਾਰਟੀਆਂ ਹੀ ਮੋਹਰੀ ਦਿਖਾਈ ਦੇ ਰਹੀਆਂ ਹਨ ਅਤੇ ਉਹਨਾਂ ਵਿਚ ਉਹੀ ਪਾਰਟੀਆਂ ਵੱਧ ਸੀਟਾਂ ਲਿਜਾਣ ਦੀ ਸਮਰੱਥਾ ਵਿਚ ਦਿਖਾਈ ਦੇ ਰਹੀਆਂ ਹਨ। ਹਾਲਾਂਕਿ ਗੁਜਰਾਤ, ਮਹਾਂਰਾਸ਼ਟਰ ਵਿਚ ਭਾਜਪਾ ਦੀ ਸਰਕਾਰ ਹੈ ਪਰ ਭਾਜਪਾ ਨੂੰ ਇਹਨਾਂ ਸੂਬਿਆਂ ਵਿਚ ਵੀ ਭਾਈਵਾਲਾਂ ਦੀ ਤਲਾਸ਼ ਹੈ। ਮਹਾਰਾਸ਼ਟਰ ਵਿਚ ਸ਼ਿਵ ਸੈਨਾ ਨਾਲ ਹੁਣ ਭਾਜਪਾ ਤਾਲਮੇਲ ਕਰਨਾ ਚਾਹੁੰਦੀ ਹੈ। ਕੁੱਲ ਮਿਲਾ ਕੇ ਦੇਖਿਆ ਜਾਵੇ ਤਾਂ ਇਸ ਵਾਰ ਵੀ ਹਮਲਾਵਰਾਂ ਦੀ ਭੂਮਿਕਾ ਵਿਚ ਭਾਜਪਾ ਅਤੇ ਖੇਤਰੀ ਪਾਰਟੀਆਂ ਜ਼ਿਆਦਾ ਨਜ਼ਰ ਆਉਂਦੀਆਂ ਹਨ, ਜਦਕਿ ਕਾਂਗਰਸ ਹਾਲੇ ਵੀ ਆਪਣੇ ਰਵਾਇਤੀ ਵੋਟ ਬੈਂਕ ਲਈ ਹੱਥ-ਪੱਲੇ ਮਾਰਦੀ ਨਜ਼ਰ ਆ ਰਹੀ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-94

## ਖੀਰ (ਸਮੁੰਦਰ) ਬਾਰੇ



ਅਵਤਾਰ ਸਿੰਘ ਮਿਸ਼ਨਰੀ
510-432-5827

ਖੀਰ ਸੰਸਕ੍ਰਿਤ ਪਿਛੋਕੜ ਸ਼ਬਦ ਤੇ ਇਸ ਦੇ ਅਰਥ ਹਨ-ਦੁੱਧ, ਸਮੁੰਦਰ (ਦੁੱਧ ਦਾ ਸਮੁੰਦਰ)। ਗੁਰੂ ਗ੍ਰੰਥ ਵਿਖੇ ਇਸ ਦਾ ਜਿਕਰ ਇਵੇਂ ਹੈ-ਦੁੱਧ-ਨਾਮ ਤੁਮਾਰੋ ਖੀਰਾ॥(੭੧੩) ਭਾਵ ਨਾਮ ਰੂਪੀ ਦੁੱਧ। ਖੀਰ ਅਧਾਰਿ ਬਾਰਿਕੁ ਜਬ ਹੋਤਾ ਬਿਨੁ ਖੀਰੈ ਰਹਨੁ ਨ ਜਾਈ॥(੧੨੬੬) ਹਰਿ ਬਿਨੁ ਜੀਅਰਾ ਰਹਿ ਨ ਸਕੈ ਜਿਉ ਬਾਰਕੁ ਖੀਰ ਅਧਾਰੀ॥(੯੫੦੬) ਅਰਥ ਨੇ ਜਿਵੇਂ ਬੱਚਾ ਖੀਰ (ਦੁੱਧ) ਦੇ ਆਸਰੇ ਹੁੰਦਾ ਹੈ। ਪੰਜਾਬੀ ਵਿੱਚ ਖੀਰ-ਦੁੱਧ ਤੇ ਚੌਲ ਰਲਾ ਕੇ ਰਿੰਨ੍ਹਿਆ ਤੇ ਖੰਡ ਪਾ ਕੇ ਮਿੱਠਾ ਕੀਤਾ ਹੋਇਆ ਇੱਕ ਸਵਾਦਿਸ਼ਟ ਭੋਜਨ ਜਿਸ ਵਿੱਚ ਘਿਉ ਵੀ ਪਾਇਆ ਜਾਂਦਾ ਹੈ-ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥(੯੬੭) ਸੰਸਕ੍ਰਿਤ ਵਿੱਚ ਇਸ ਖੀਰ ਨੂੰ ਕਸੈਰੇਯੀ ਕਹਿੰਦੇ ਹਨ-ਰਸੁ ਅੰਮ੍ਰਿਤੁ ਖੀਰਿ ਘਿਆਲੀ॥(੯੬੭) ਸੰ. ਕਸ਼ੀਰ-ਖੀਰ ਭਾਵ ਖੀਰ ਸਮੁੰਦਰ-ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ॥(੩੫੧)

ਗੁਰੂ ਗ੍ਰੰਥ ਵਿਸ਼ਵ ਕੋਸ਼ ਦੇ ਕਰਤਾ ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ ਖੀਰ (ਸਮੁੰਦਰ) ਇੱਕ ਮਿਥਕ ਸਾਗਰ ਜਿਸ ਦੀ ਭੂਗੋਲਿਕ ਸਥਿਤੀ ਬਾਰੇ ਕੋਈ ਸਪੱਸ਼ਟ ਜਾਣਕਾਰੀ ਪੁਰਾਣ-ਸਹਿਤ ਵਿੱਚ ਉਪਲਬਧ ਨਹੀਂ। ਇਸ ਦੀ ਗਿਣਤੀ ਸਪਤ-ਸਾਗਰ 'ਚ ਕੀਤੀ ਜਾਂਦੀ ਅਤੇ ਇਸ ਨੂੰ ਦੁੱਧ ਦਾ ਸਮੁੰਦਰ ਮੰਨਿਆ ਜਾਂਦਾ ਹੈ। ਕਲਪਨਾ ਹੈ ਕਿ ਇਸ ਸਮੁੰਦਰ 'ਚ ਨਾਰਾਇਣ (ਵਿਸ਼ਨੂ) ਸ਼ੇਸ਼ਨਾਗ ਦੇ ਫਨਾਂ ਉੱਤੇ ਅਰਾਮ ਕਰਦਾ ਹੈ। ਜਦ ਦੇਵਤਿਆਂ 'ਤੇ ਭੀੜ ਬਣਦੀ ਤੇ ਪਾਪਾਂ ਦੇ ਭਾਰ ਨੂੰ ਸਹਾਰਨ ਦੇ ਧਰਤੀ ਅਸਮਰਥ ਹੋ ਜਾਂਦੀ ਹੈ ਤਾਂ ਸਭ ਦੇਵੀ ਦੇਵਤੇ ਇਕੱਠੇ ਹੋ ਧਰਤੀ ਅਤੇ ਆਪਣੇ ਪਰਿਤ੍ਰਾਣ ਲਈ ਵਿਸ਼ਨੂੰ ਕੋਲ ਜਾਂਦੇ ਹਨ। ਵਿਸ਼ਨੂੰ ਅਵਤਾਰ ਧਾਰਨ ਕਰਕੇ ਦੁਖੀਆਂ ਦੀ ਕਲਿਆਣ ਕਰਦਾ ਹੈ। ਵਿਸ਼ਨੂੰ ਦਾ ਨਿਵਾਸ ਸਵਰਗ ਅਥਵਾ ਬੈਕੁੰਠ ਵਿੱਚ ਮੰਨੇ ਜਾਣ ਕਾਰਨ ਖੀਰ-ਸਾਗਰ ਦੀ ਸਥਿਤੀ ਸਵਰਗ 'ਚ ਪ੍ਰਤੀਤ ਹੁੰਦੀ ਹੈ।

ਇਸ ਸਮੁੰਦਰ ਨੂੰ ਰਿੜਕ ਕੇ ਦੇਵਤਿਆਂ ਅਤੇ ਦੈਂਤਾਂ ਨੇ "ਚੌਦਾਂ ਰਤਨ" ਕੱਢੇ ਸਨ। ਗੁਰੂ ਨਾਨਕ ਸਾਹਿਬ ਨੇ ਆਸਾ ਰਾਗ 'ਚ ਕਿਹਾ ਹੈ ਕਿ ਪ੍ਰਮਾਤਮਾਂ ਨੇ ਖੀਰ ਸਮੁੰਦਰ ਵਿੱਚੋਂ ਖੁਦ ਚੌਦਾਂ ਰਤਨ ਪੈਦਾ ਕੀਤੇ ਪਰ ਦੈਂਤ ਤੇ ਦੇਵਤੇ ਵਿਅਰਥ 'ਚ ਬੋਲਣ ਲੱਗ ਪਏ ਕਿ ਅਸੀਂ ਰਤਨ ਕੱਢੇ ਹਨ-ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ॥(੩੫੦) ਭਾਈ ਗੁਰਦਾਸ ਜੀ ਨੇ ਵੀ ਇਸ ਵੱਲ ਸੰਕੇਤ ਕੀਤਾ ਹੈ-ਖੀਰ ਸਮੁੰਦ ਵਿਰੋਲਿ ਕੈ ਕਢਿ ਰਤਨ ਚਉਦਹ ਵੰਡ ਲੀਤੇ॥ (੨੬ਕ੨੩) ਸੋ ਗੁਰੂ ਗ੍ਰੰਥ ਦੀ ਬਾਣੀ ਵਿਖੇ ਪ੍ਰਚਲਿਤ ਮਿਥਿਹਾਸਕ ਹਵਾਲੇ ਦੇ ਅਸਲੀਅਤ ਸਪੱਸ਼ਟ ਕੀਤੀ ਗਈ ਹੈ ਕਿ ਸਭ ਕੁਝ ਕਰਤਾਰ ਹੀ ਕੁਦਰਤਿ ਰੂਪ 'ਚ ਪੈਦਾ ਕਰਦਾ ਹੈ ਨਾ ਕਿ ਮੰਨਿਆ ਗਿਆ ਕੋਈ ਮਿਥਿਹਾਸਕ ਦੇਵੀ ਦੇਵਤਾ-ਕੀਤਾ ਪਸਾਉ ਏਕੋ ਕਵਾਉ॥ਤਿਸ ਤੇ ਹੋਏ ਲਖ ਦਰੀਆਉ॥ (ਜਪੁਜੀ)

# ਰਾਬਰਟ ਵਾਡਰਾ ਕਿਉਂ ਰੜਕਦਾ ਭਾਜਪਾਈਆਂ ਨੂੰ..?



ਗੁਰਿੰਦਰਜੀਤ ਸਿੰਘ
'ਨੀਟਾ ਮਾਛੀਕੇ'

ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੇ ਜੀਜਾ ਅਤੇ ਪ੍ਰਿਯੰਕਾ ਗਾਂਧੀ ਦੇ ਪਤੀ ਰਾਬਰਟ ਵਾਡਰਾ ਇਕ ਵਾਰ ਮੁੜ ਸੁਰਖੀਆਂ ਵਿਚ ਹਨ। ਈ.ਡੀ. ਵੱਲੋਂ ਉਨ੍ਹਾਂ ਕੋਲੋਂ ਮਨੀ ਲਾਂਡਰਿੰਗ ਮਾਮਲੇ 'ਚ ਪਿਛਲੇ 2 ਦਿਨਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਵਾਡਰਾ ਉੱਤੇ ਲੰਡਨ ਵਿਚ 12 ਬਰਾਇਨਸਟਨ ਸੁਕੇਅਰ 'ਚ 19 ਲੱਖ ਪਾਊਂਡ ਦੀ ਜਾਇਦਾਦ ਦੀ ਖ਼ਰੀਦ ਰਾਹੀਂ ਕਾਲੇ ਧਨ ਨੂੰ ਚਿੱਟਾ ਕਰਨ ਦੇ ਦੋਸ਼ ਹਨ। ਸੂਤਰਾਂ ਮੁਤਾਬਕ ਜਾਂਚ ਦੌਰਾਨ ਈ. ਡੀ ਵੱਲੋਂ ਇਸ ਮਾਮਲੇ ਨਾਲ ਜੁੜੇ ਕਈ ਸਵਾਲ ਪੁੱਛੇ ਗਏ। ਵਾਡਰਾ ਨੇ ਇਨ੍ਹਾਂ ਸਵਾਲਾਂ ਦਾ ਜਵਾਬ ਦਿੰਦੇ ਹੋਏ ਇਹ ਕਿਹਾ ਕਿ ਉਸ ਦਾ ਸੰਜੇ ਭੰਡਾਰੀ ਤੇ ਉਨ੍ਹਾਂ ਦੇ ਚਚੇਰੇ ਭਰਾ ਸ਼ਿਖਰ ਚੱਡਾ ਨਾਲ ਕਿਸੇ ਤਰ੍ਹਾਂ ਦਾ ਵਪਾਰਕ ਸਬੰਧ ਨਹੀਂ ਹੈ। ਵਾਡਰਾ ਨੇ ਇਹ ਵੀ ਕਬੂਲਿਆ ਕਿ ਉਹ ਮਨੋਜ ਅਰੋੜਾ ਨੂੰ ਜਾਣਦੇ ਹਨ, ਉਹ ਉਸਦੇ ਕਰਮਚਾਰੀ ਸਨ ਪਰ ਉਨ੍ਹਾਂ ਨੇ ਅਰੋੜਾ ਨੂੰ ਈ-ਮੇਲ ਲਿਖਣ ਵਾਲੀ ਗੱਲ ਤੋਂ ਇਨਕਾਰ ਕਰ ਦਿੱਤਾ। ਇਸ ਦੇ ਨਾਲ ਹੀ ਵਾਡਰਾ ਨੇ ਇਹ ਵੀ ਕਿਹਾ ਕਿ ਉਸ ਕੋਲ ਕਾਨੂੰਨੀ ਜਾਂ ਗੈਰ-ਕਾਨੂੰਨੀ ਰੂਪ ਨਾਲ ਲੰਡਨ 'ਚ ਕੋਈ ਜਾਇਦਾਦ ਨਹੀਂ ਹੈ। ਇਸ ਤੋਂ ਪਹਿਲਾਂ ਵਾਡਰਾ ਨੇ ਦੋਸ਼ ਲਗਾਏ ਸਨ ਕਿ ਕੁਝ ਲੋਕਾਂ ਵੱਲੋਂ ਸਿਆਸਤ ਤੋਂ ਪ੍ਰੇਰਿਤ ਹੋ ਕੇ ਹੀ ਉਨ੍ਹਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਮਾਮਲੇ 'ਚ ਗ੍ਰਿਫਤਾਰੀ ਤੋਂ ਬਚਣ ਲਈ ਵਾਡਰਾ ਨੇ ਅਦਾਲਤ ਵਿਚ ਅਗਾਊਂ ਜ਼ਮਾਨਤ ਦੀ ਪਟੀਸ਼ਨ ਵੀ ਪਾਈ ਗਈ ਸੀ, ਜਿਸ ਨੂੰ ਅਦਾਲਤ ਨੇ ਮਨਜ਼ੂਰ ਕਰ ਲਿਆ ਸੀ।

### ਕੀ ਹੈ ਪੂਰਾ ਮਾਮਲਾ ਅਤੇ ਕਿਸ ਅਧਾਰ 'ਤੇ ਜਾਂਚ ਕਰ ਹੈ ਈ. ਡੀ.

ਹੁਣ ਸਵਾਲ ਇਹ ਖੜਾ ਹੁੰਦਾ ਹੈ ਕਿ ਆਖਰਕਾਰ ਰਾਬਰਟ ਵਾਡਰਾ ਇਸ ਮਾਮਲੇ ਵਿਚ ਗੁਨਾਹਗਾਰ ਹਨ ਜਾਂ ਫਿਰ ਬੇਗੁਨਾਹ। ਇਕਨਾਮਿਕਸ ਟਾਈਮ ਵਿਚ ਛਪੀ ਇਕ ਰਿਪੋਰਟ ਮੁਤਾਬਕ ਲੰਡਨ ਵਿਚ 4 ਜਾਇਦਾਦਾਂ ਖਰੀਦੀਆਂ ਗਈਆਂ ਸਨ। ਇਸ ਸਬੰਧੀ ਦੋਸ਼ ਇਹ ਲਗਾਏ ਗਏ ਸਨ ਕਿ ਇਨ੍ਹਾਂ ਜਾਇਦਾਦਾਂ ਨੂੰ ਖਰੀਦਣ ਲਈ ਬ੍ਰਿਟੇਨ ਦੀ ਕੰਪਨੀ ਸਿੰਟੇਕ ਨੇ ਪੈਸੇ ਦਿੱਤੇ ਸਨ।

ਇਸ ਸਬੰਧੀ ਦੋਸ਼ ਇਹ ਵੀ ਹਨ ਕਿ ਸਿੰਟੇਕ ਨੂੰ ਪੈਸੇ ਦਲਾਲੀ ਤੋਂ ਹਾਸਲ ਹੋਏ ਸਨ। ਕਿਹਾ ਜਾ ਰਿਹਾ ਹੈ ਕਿ ਸਿੰਟੇਕ ਨੂੰ ਇਹ ਦਲਾਲੀ 2005 ਅਤੇ 2009 ਵਿਚ ਰੱਖਿਆ ਅਤੇ ਪੈਟਰੋਲੀਅਮ ਸੌਦੇ ਵਿਚੋਂ ਮਿਲੀ ਸੀ। ਇਸ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਪਹਿਲਾਂ ਇਹ ਜਾਇਦਾਦ ਸਿੰਟੇਕ ਕੰਪਨੀ ਦੇ ਨਾਂ 'ਤੇ ਕੀਤੀ ਗਈ ਅਤੇ ਬਾਅਦ ਵਿਚ ਇਸਨੂੰ ਸੰਜੇ ਭੰਡਾਰੀ ਦੀ ਕੰਪਨੀ ਵੋਰਟੇਸ ਨੇ 18 ਕਰੋੜ ਰੁਪਏ ਵਿਚ ਖ਼ਰੀਦ ਲਿਆ। ਇਸ ਤੋਂ ਬਾਅਦ ਸਾਲ 2010 ਵਿਚ ਇਸ ਜ਼ਾਇਦਾਦ ਨੂੰ ਦੁਬਈ ਵਿਚ ਰਹਿੰਦੇ ਭਾਰਤੀ ਕਾਰੋਬਾਰੀ ਸੀ. ਸੀ. ਥੰਪੀ ਦੇ ਨਾਂ ਕਰ ਦਿੱਤਾ ਗਿਆ। ਥੰਪੀ ਨੇ ਇਹ ਖ਼ਰੀਦ ਸਕਾਈਲਾਈਟ ਕੰਪਨੀ ਦੇ ਰਾਹੀਂ ਕੀਤੀ, ਜੋ ਕਿ ਰਾਬਰਟ ਵਾਡਰਾ ਦੀ ਕੰਪਨੀ



ਹੈ। ਈ. ਡੀ ਨੂੰ ਸ਼ੱਕ ਹੈ ਕਿ ਥੰਪੀ ਵਾਡਰਾ ਦਾ ਖਾਸ ਨੇੜਦਾਰ ਹੈ।

### ਕੀ ਹਨ ਇਸ ਜਾਂਚ ਦੇ ਸਿਆਸੀ ਮਾਈਨੇ

ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਈ.ਡੀ. ਵੱਲੋਂ ਕੀਤੀ ਜਾ ਰਹੀ ਇਸ ਜਾਂਚ ਦੇ ਸਿਆਸੀ ਮਾਈਨੇ ਵੀ ਕਾਫੀ ਵੱਡੇ ਹਨ। ਇਸ ਜਾਂਚ ਨਾਲ ਭਾਜਪਾ ਇਕ ਤੀਰ ਨਾਲ ਕਈ ਸ਼ਿਕਾਰ ਕਰਨ ਦੀ ਫਿਰਾਕ ਵਿਚ ਹੈ। ਤੱਥਾਂ 'ਤੇ ਝਾਤੀ ਮਾਰੀਏ ਤਾਂ ਪ੍ਰਿਯੰਕਾ ਗਾਂਧੀ ਦੇ ਸਰਗਰਮ ਸਿਆਸਤ ਵਿਚ ਆਉਣ ਤੋਂ ਬਾਅਦ ਇਹ ਜਾਂਚ ਥੈਲੇ ਵਿਚ ਪਈ ਬਿੱਲੀ ਵਾਂਗ ਇਕ ਦਮ ਉਛਲ ਕੇ ਬਾਹਰ ਆ ਗਈ, ਜਿਸਦਾ ਸਿੱਧਾ-ਸਿੱਧਾ ਮਤਲਬ ਹੈ ਕਿ ਭਾਜਪਾ ਪ੍ਰਿਯੰਕਾ ਗਾਂਧੀ ਦੇ ਆਉਣ ਨਾਲ ਕਾਂਗਰਸ ਦੇ ਵੱਧ ਰਹੇ ਮਨੋਬਲ ਨੂੰ ਧੜੰਮ ਸੁੱਟਣਾ ਚਾਹੁੰਦੀ ਹੈ। ਇਸ ਦੇ ਨਾਲ-ਨਾਲ 2019 ਲੋਕ ਸਭਾ ਚੋਣਾਂ ਦਾ ਸਫਰ ਵੀ ਭਾਜਪਾ ਇਸ ਮੁੱਦੇ ਨੂੰ ਅਧਾਰ ਬਣਾ ਕੇ ਹੀ ਤੈਅ ਕਰਨਾ ਚਾਹੁੰਦੀ ਹੈ ਕਿਉਂਕਿ ਚਾਰ ਸੂਬਿਆਂ ਵਿਚ ਮਿਲੀ ਹਾਰ ਤੋਂ ਬਾਅਦ ਭਾਜਪਾ ਕੋਲ ਇਸ ਤਰ੍ਹਾਂ ਦੇ ਪੱਤੇ ਖੇਡਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ। ਇਸ ਤੋਂ ਪਹਿਲਾਂ 2014 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਵੀ ਵਾਡਰਾ ਨੂੰ ਡੀ. ਐੱਫ. ਐੱਲ. ਮਾਮਲੇ ਵਿਚ ਘੇਰਨ ਦਾ ਯਤਨ ਕੀਤਾ ਗਿਆ ਸੀ। ਉਸ ਮੌਕੇ ਚੋਣਾਂ ਤੋਂ ਪਹਿਲਾ ਭਾਜਪਾ ਨੇ 'ਦਮਾਦ ਕਾ ਗੁਟਾਲਾ' ਇਕ ਪੁਸਤਕ ਵੀ ਰਿਲੀਜ਼ ਕੀਤੀ ਸੀ।

## ਸੰਪਾਦਕ ਦੀ ਡਾਕ

# ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਦਾ ਰੰਗ

ਹਰ ਕੌਮ, ਹਰ ਧਰਮ ਨੇ ਆਪੋ-ਆਪਣਾ ਰੰਗ ਮੁਕੱਰਰ ਕੀਤਾ ਹੋਇਆ ਹੈ। ਇਸ ਨਾਲ ਉਸ ਕੌਮ ਵਿਚ ਏਕੇ ਦੀ ਭਾਵਨਾ ਪ੍ਰਫੁਲਤ ਹੁੰਦੀ ਹੈ।ਉਸ ਦੀ ਆਪਣੀ ਵੱਖਰੀ ਪਹਿਚਾਨ ਹੁੰਦੀ ਹੈ। ਉਸ ਦੀ ਸ਼ਾਨ ਵਿਚ ਵਾਧਾ ਹੁੰਦਾ ਹੈ। ਸੰਘਰਸ਼ ਦੌਰਾਨ ਕੌਮੀ ਝੰਡੇ ਦਾ ਰੰਗ ਕੌਮ ਨੂੰ ਤਾਕਤਵਰ ਅਤੇ ਜੂਝਾਰੂ ਬਣਾਉਂਦਾ ਹੈ ਅਤੇ ਉਸ ਵਿਚ ਜਿੱਤਣ ਦਾ ਜੋਸ਼ ਪੈਦਾ ਕਰਦਾ ਹੈ। ਉਸ ਦੇ ਲੋਕ ਆਪਣੇ ਝੰਡੇ ਅਤੇ ਉਸ ਦੇ ਰੰਗ ਉਤੇ ਗੌਰਵ ਮਹਿਸੂਸ ਕਰਦੇ ਹਨ।

ਉਹ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਚਲੇ ਜਾਣ ਜਿਥੇ ਵੀ ਉਨ੍ਹਾਂ ਨੂੰ ਆਪਣੀ ਕੌਮ ਦਾ ਝੰਡਾ ਦਿਖਾਈ ਦਿੰਦਾ ਹੈ ਤਾਂ ਉਸ ਦੇ ਮਨ ਵਿਚ ਅਪਣੱਤ ਮਹਿਸੂਸ ਹੁੰਦੀ ਹੈ। ਆਪਣੇ ਘਰ ਤੋਂ ਦੂਰ ਹੋ ਕੇ ਵੀ ਉਨ੍ਹਾਂ ਨੂੰ ਇਕੱਲਾਪਨ ਮਹਿਸੂਸ ਨਹੀਂ ਹੁੰਦਾ ਕਿਉਂਕਿ ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਉਸ ਦੇ ਸਮਾਜ ਦੇ ਲੋਕ ਇਥੇ ਵਸਦੇ ਹਨ ਲੋੜ ਪੈਣ ਤੇ ਉਹ ਉਨ੍ਹਾਂ ਦੀ ਮਦਦ ਲੈ ਸਕਦਾ ਹੈ। ਪ੍ਰੰਤੂ ਇਕ ਗੱਲ ਸਮਝ ਨਹੀਂ ਆਉਂਦੀ ਕਿ ਆਦਿ ਸਮਾਜ / ਰਵਿਦਾਸੀਆ ਸਮਾਜ ਦੇ ਲੋਕ ਆਪਣੀ ਕੌਮ, ਧਰਮ ਦੇ ਰੰਗ ਪ੍ਰਤੀ ਇਨੇ ਅਵੇਸਲੇ ਕਿਉਂ ਹਨ। ਇਸ ਸਮਾਜ ਦੇ ਧਾਰਮਿਕ ਅਸਥਾਨਾ ਉਤੇ ਕਈ ਤਰਾਂ ਦੇ ਨਿਸ਼ਾਨ ਸਾਹਿਬ ਝੂਲਦੇ ਹਨ। ਕਈ ਰੰਗਾ ਦੇ ਸਿਰੋਪਾਉ ਅਤੇ ਪਟਕੇ ਵਰਤੇ ਜਾਂਦੇ ਹਨ।ਇਤਿਹਾਸ ਵਿਚ ਦਰਜ਼ ਹੈ ਕਿ 1926 ਈ: ਵਿਚ ਗਦਰੀ ਬਾਬਾ ਮੰਗੂ ਰਾਮ ਮੁਗੋਵਾਲੀਆ ਦੀ ਆਦਿ ਧਰਮ ਲਹਿਰ ਦੇ ਵੇਲੇ ਤੋਂ ਮਜੀਠ ਰੰਗ ਪ੍ਰਚੱਲਿਤ ਹੋ ਗਿਆ ਸੀ। ਉਸ ਵੇਲੇ ਇਸ ਨੂੰ ਗੇਰੂ ਜਾਂ ਲਾਲ ਰੰਗ ਵੀ ਕਿਹਾ ਜਾਂਦਾ ਸੀ। ਇਸ ਲਹਿਰ ਨਾਲ ਜੁੜੇ ਕਿਸੇ ਕਵੀ ਦੀਆਂ ਇਹ ਸਤਰਾਂ ਉਰੰਗਾ ਲੈ ਲਾਲ ਪਗੜਾ ਹੋ ਜਾ ਹੁਣ ਤਗੜਾ" ਹਰ ਇਕ ਦੀ ਜ਼ੁਬਾਨ ਤੇ ਸੀ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਪਾਵਨ ਬਚਨ ਉਜੈਸਾ ਰੰਗ ਕਸੁੰਭ ਕਾ, ਤੈਸਾ ਇਹ ਸੰਸਾਰ॥ ਮੇਰੇ ਰਮਈਏ ਰੰਗ ਮਜੀਠ ਕਾ ਕਹਿ ਰਵਿਦਾਸ ਚਮਾਰ॥" ਨੂੰ ਮੁੱਖ ਰੱਖ ਕੇ ਇਹ ਰੰਗ ਤੈਅ ਕੀਤਾ ਹੋਇਆ ਹੈ। ਕਿਉਂਕਿ ਗੁਰੂ ਜੀ ਨੇ ਇਨ੍ਹਾਂ ਪਾਵਨ ਬਚਨਾ ਵਿਚ ਮਜੀਠ ਦੇ ਰੰਗ ਨੂੰ ਪ੍ਰਮਾਤਮਾ ਦਾ ਰੰਗ ਪ੍ਰਵਾਨ ਕੀਤਾ ਹੈ। ਭਾਵ ਕਿ ਸੰਸਾਰ ਦਾ ਰੰਗ ਕੁਸੰਭੇ ਦੇ ਰੰਗ ਵਾਂਗ ਕੱਚਾ ਰੰਗ ਹੈ ਪ੍ਰੰਤੂ ਮੇਰੇ ਰਮਈਏ ਦਾ ਰੰਗ ਮਜੀਠ ਵਰਗਾ, ਸਦੀਵੀ ਰਹਿਣ ਵਾਲਾ ਪੱਕਾ ਰੰਗ ਹੈ। ਸਾਡੇ ਸਮਾਜ ਦੇ ਬਹੁਤ ਸਾਰੇ ਧਾਰਮਿਕ ਅਸਥਾਨਾ, ਡੇਰਿਆਂ ਵਿਚ ਇਹ ਰੰਗ ਪ੍ਰਚੱਲਿਤ ਹੈ। ਸੋ ਭਾਈ ਜੇਕਰ ਅਸੀਂ ਆਪਣੇ ਧਰਮ, ਕੌਮ, ਅਤੇ ਸਮਾਜ ਵਿਚ ਏਕਾ ਪੈਦਾ ਕਰਨਾ ਹੈ, ਇਸ ਦੀ ਹੋਂਦ ਨੂੰ ਬਚਾਉਣਾ, ਅਤੇ ਆਪਣੇ ਖੋਹੇ ਹੋਏ ਹੱਕ ਹਾਸਲ ਕਰਨੇ ਹਨ, ਦੁਨੀਆਂ ਵਿਚ ਆਪਣੀ ਹੋਂਦ ਸਥਾਪਿਤ ਕਰਨੀ ਹੈ, ਆਪਣੀ ਇਜਤ ਅਤੇ ਮਾਨ ਸਨਮਾਨ ਹਾਸਲ ਕਰਨਾ ਹੈ ਤਾਂ ਸਾਨੂੰ ਆਪਣੇ ਕੌਮੀ ਰੰਗ ਮਜੀਠ (ਗੂੜਾ ਲਾਲ ਜਾਂ ਲਾਖਾ) ਪ੍ਰਤੀ ਰੱਖੇ ਅਵੇਸਲੇਪਨ ਨੂੰ ਤਿਆਗਣਾ ਹੋਵੇਗਾ।

ਚਰਨਜੀਤ ਸਿੰਘ ਬਿਨਪਾਲਕੇ
91-98722-42944


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# 108 ਸੰਤ ਬਾਬਾ ਨਰਾਇਣ ਦਾਸ ਮਹਾਰਾਜ ਜੀ ਦੀ 29ਵੀਂ ਬਰਸੀ 25 ਫਰਵਰੀ ਨੂੰ

**ਹੁਸ਼ਿਆਰਪੁਰ–** ਬ੍ਰਹਮਲੀਨ 108 ਸੰਤ ਬਾਬਾ ਨਰਾਇਣ ਦਾਸ ਮਹਾਰਾਜ ਜੀ, ਬ੍ਰਹਮਲੀਨ 108 ਸੰਤ ਬਾਬਾ ਅਮਰਦਾਸ ਮਹਾਰਾਜ ਜੀ ਦੇ ਆਸ਼ੀਰਵਾਦ ਨਾਲ ਗੁਰੂਦੇਵ ਬ੍ਰਹਮ ਗਿਆਨੀ ਬ੍ਰਮਬੇਤਾ ਮਹਾਨ ਪਰਉਪਕਾਰੀ ਨਾਮ ਦੇ ਰਸੀਏ ਸ੍ਰੀਮਾਨ 108 ਸੰਤ ਬਾਬਾ ਨਰਾਇਣ ਦਾਸ ਮਹਾਰਾਜ ਜੀ ਦੀ 29ਵੀਂ ਬਰਸੀ 25 ਫਰਵਰੀ 2019 ਦਿਨ ਸੋਮਵਾਰ ਨੂੰ ਡੇਰਾ ਬਾਬਾ ਕੱਲਰਾਂ, ਪਿੰਡ ਸ਼ੇਰਪੁਰ ਢੱਕੋ (ਹੁਸ਼ਿਆਰਪੁਰ) ਵਿਖੇ ਮਨਾਈ ਜਾ ਰਹੀ ਹੈ। ਇਸ ਸਬੰਧਤ ਦਿਨ ਸ਼ਨਿਚਰਵਾਰ 23 ਫਰਵਰੀ ਨੂੰ ਸਵੇਰੇ 10.30 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਪ੍ਰਾਰੰਭ ਹੋਣਗੇ ਅਤੇ ਦਿਨ ਸੋਮਵਾਰ 25 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਵੇਰੇ 10 ਵਜੇ ਪਾਏ ਜਾਣਗੇ। ਉਪਰੰਤ ਗੁਰਬਾਣੀ ਕੀਰਤਨ 10 ਤੋਂ 12 ਵਜੇ, ਮਹਾਂਪੁਰਸ਼ਾਂ ਦੇ ਪ੍ਰਵਚਨ 12 ਤੋਂ 2 ਵਜੇ ਅਤੇ ਪੰਡਾਲ ਦੀ ਸਮਾਤਪੀ 2 ਵਜੇ ਦੁਪਹਿਰ ਹੋਵੇਗੀ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਡੇਰਾ ਪ੍ਰਬੰਧਕਾਂ ਅਤੇ ਗ੍ਰਾਮ ਪੰਚਾਇਤ ਪਿੰਡ ਡੇਰਾ ਬਾਬਾ ਕੱਲਰਾਂ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਉਕਤ ਦਿਨ ਡੇਰੇ ਵਿਖੇ ਦਰਸ਼ਨ ਦੇਣ ਦੀ ਖੇਚਲ ਕਰਨ ਜੀ। ਹੋਰ ਜਾਣਕਾਰੀ ਲਈ 01884-243355, 91-98726-69445 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਹਾਦਸੇ ਉਪਰੰਤ ਸੜ ਰਹੀ ਕਾਰ ਵਿਚ ਆਪਣੀ ਮਿੱਤਰ ਨੂੰ ਛੱਡਕੇ ਦੌੜ ਜਾਣ ਵਾਲੇ ਡਰਾਈਵਰ ਨੂੰ 12 ਸਾਲ ਕੈਦ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਇਕ ਅਦਾਲਤ ਨੇ ਨਿਊਯਾਰਕ ਸਿਟੀ ਦੇ ਇਕ ਰਾਸ਼ਟਰੀ ਮਾਰਗ ਉਪਰ ਹਾਦਸੇ ਉਪਰੰਤ ਅੱਗ ਲੱਗ ਜਾਣ ਕਾਰਨ ਸੜ ਰਹੀ ਕਾਰ ਵਿਚ ਆਪਣੀ ਮਿੱਤਰ ਕੁੜੀ ਨੂੰ ਛੱਡਕੇ ਦੌੜ ਜਾਣ ਵਾਲੇ ਸਈਦ ਅਹਿਮਦ ਨਾਮੀ ਡਰਾਈਵਰ ਨੂੰ 12 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਸ ਹਾਦਸੇ ਵਿਚ ਹਰਲੀਨ ਗਰੇਵਾਲ ਨਾਮੀ ਲੜਕੀ ਦੀ ਮੌਤ ਹੋ ਗਈ ਸੀ।



ਪੁਲਿਸ ਅਨੁਸਾਰ 24 ਸਾਲਾ ਸਈਦ ਅਹਿਮਦ ਨਿਯੰਤਰ ਗੁਆ ਬੈਠਾ ਤੇ ਕਾਰ ਬੈਰੀਅਰ ਨਾਲ ਜਾ ਟਕਰਾਈ ਜਿਸ ਉਪਰੰਤ ਕਾਰ ਨੂੰ ਅੱਗ ਲੱਗ ਗਈ। ਸਈਦ ਨੇ ਅਦਾਲਤ ਵਿਚ ਆਪਣੇ ਆਪ ਨੂੰ ਨਿਰਦੋਸ਼ ਦਸਦਿਆਂ ਕਿਹਾ ਕਿ ਹਰਲੀਨ ਉਸ ਦੀ ਮਿੱਤਰ ਸੀ। ਕਾਰ ਨੂੰ ਅੱਗ ਲੱਗ ਜਾਣ ਉਪਰੰਤ ਉਸ ਨੇ ਉਸ ਨੂੰ ਕਾਰ ਵਿਚੋਂ ਕੱਢਣ ਦਾ ਯਤਨ ਕੀਤਾ ਸੀ ਪਰ ਕਾਮਯਾਬ ਨਹੀਂ ਹੋ ਸਕਿਆ। ਦੂਸਰੇ ਪਾਸੇ ਨੇੜਿਉਂ ਲੰਘ ਰਹੇ ਇਕ ਵਿਅਕਤੀ ਵੱਲੋਂ ਸੈੱਲ ਫੋਨ ਉਪਰ ਬਣਾਈ ਵੀਡਿਓ ਵਿਚ ਸਾਫ ਨਜਰ ਆ ਰਿਹਾ ਸੀ ਕਿ ਕਾਰ ਨੂੰ ਅੱਗ ਲੱਗਣ ਉਪਰੰਤ ਸਈਦ ਅਹਿਮਦ ਇਕ ਕਿਰਾਏ ਵਾਲੀ ਯੈਲੋ ਟੈਕਸੀ ਉਪਰ ਸਵਾਰ ਹੋ ਕੇ ਘਟਨਾ ਸਥਾਨ ਤੋਂ ਚਲਾ ਗਿਆ ਸੀ। ਉਸ ਨੇ ਹਰਲੀਨ ਨੂੰ ਬਚਾਉਣ ਲਈ ਕੋਈ ਯਤਨ ਨਹੀਂ ਕੀਤਾ। ਅਸਟੋਰੀਆ ਦੀ ਰਹਿਣ ਵਾਲੀ ਹਰਲੀਨ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਸੀ।

# ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸ਼੍ਰੀ ਗੁਰੂ ਰਵਿਦਾਸ ਜੀ ਦੇ 642ਵੇਂ ਪ੍ਰਕਾਸ਼ ਪੁਰਬ ਅਤੇ 19ਵੇ ਮਹਾਨ ਨਗਰ ਕੀਰਤਨ ਨੂੰ ਸਮਰਪਿਤ ਆਖੰਡ ਪਾਠਾਂ ਦੀ ਲੜੀ ਦਾ ਵੇਰਵਾ

ਸ਼੍ਰੀ ਆਖੰਡ ਪਾਠ ਸਾਹਿਬਾਂ ਦੀ ਲੜੀ ਵਿੱਚ ਸੱਤਵਾਂ ਸ਼੍ਰੀ ਅਖੰਡ ਪਾਠ ਸਾਹਿਬ ਜਿਨ੍ਹਾਂ ਦੀ ਸੇਵਾ ਸ਼੍ਰੀ ਵਿਸ਼ਾਲ ਮਹਿਮੀ, ਬੀਬੀ ਪੁਨੀਤ ਮਹਿਮੀ ਅਤੇ ਸਮੂੰਹ ਮਹਿਮੀ ਪਰਿਵਾਰ ਵਲੋਂ ਹੋਈ। ਫਰਵਰੀ 6, ਬੁੱਧਵਾਰ ਨੂੰ ਆਰੰਭ ਹੋਏ ਧੁਰ ਕੀ ਬਾਣੀ ਦੇ ਪਾਠਾਂ ਦੇ ਭੋਗ ਸ਼ੁੱਕਰਵਾਰ, 8 ਫਰਵਰੀ ਨੂੰ ਸਵੇਰ ਦੇ ਦਿਵਾਨਾ ਵਿਖੇ ਪਾਏ ਗਏ ਅਤੇ ਕੀਰਤਨ ਦਿਵਾਨ ਸਜਾਏ ਗਏ। ਸੇਵਾਦਾਰਾਂ ਨੂੰ ਸਿਰੋਪਾਓ ਸਾਹਿਬ ਦੇ ਕੇ ਨਿਹਾਲ ਕੀਤਾ ਗਿਆ।

ਬੀਬੀ ਨੰਤ ਕੌਰ ਜੀ ( ਪਿਛਲਾ ਪਿੰਡ ਪਲਾਹੀ) ਜੋ ਕਿ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਨ੍ਹਾਂ ਦੇ ਅੰਤਿਮ ਸੰਸਕਾਰ ਸ਼ੁੱਕਰਵਾਰ , 08K ਫਰਵਰੀ ਨੂੰ ਹੋਏ ਅਤੇ ਸੰਸਕਾਰ ਤੋਂ ਬਾਅਦ ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਬੀਬੀ ਜੀ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ ਹੋਈ ਜੀ।



ਸ਼੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਵਿੱਚ ਅੱਠਵੇਂ ਅਖੰਡ ਪਾਠ ਸਾਹਿਬ ਦੀ ਸੇਵਾ ਗੁਰੂਘਰ ਦੇ ਸੇਵਾਦਾਰ ਟਰੱਕ ਡਰਾਇਵਰ ਵੀਰਾਂ ਅਤੇ ਸਮੂੰਹ ਸੰਗਤਾਂ ਵਲੋਂ ਹੋਈ। ਧੁਰ ਕੀ ਬਾਣੀ ਦੇ ਆਰੰਭ ਸ਼ੁੱਕਰਵਾਰ, 8 ਫਰਵਰੀ ਹੋਏ ਅਤੇ ਭੋਗ ਐਤਵਾਰ, 10 ਫਰਵਰੀ ਸਵੇਰ ਦੇ ਦਿਵਾਨਾ ਵਿੱਚ ਪਾਏ ਗਏ ਜੀ। ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਸੇਵਾਦਾਰਾਂ ਨੂੰ ਸਿਰੋਪਾਓ ਸਾਹਿਬ ਦੇ ਕੇ ਨਿਹਾਲ ਕੀਤਾ ਗਿਆ।

ਸਟੇਜ਼ ਸਕੱਤਰ ਸ਼੍ਰੀ ਬਲਜੀਤ ਸਿੰਘ ਨੇ ਸੰਗਤਾਂ ਨੂੰ ਗੁਰੂਘਰ ਦੀਆਂ ਨਵੀਆਂ ਬਣਨ ਜਾ ਰਹੀਆਂ ਇਮਾਰਤਾਂ ਬਾਰੇ ਅਤੇ ਦਿਨ ਐਤਵਾਰ ਮਾਰਚ 10, 2019 ਨੂੰ ਸਜਾਏ ਜਾ ਰਹੇ 19ਵੇ ਮਹਾਨ ਨਗਰ ਕੀਰਤਨ ਬਾਰੇ ਜਾਣਕਾਰੀ ਦਿੱਤੀ ਅਤੇ ਸਮੂੰਹ ਸੰਗਤਾਂ ਨੂੰ ਆਪਣੇ ਪਰਿਵਾਰਾਂ, ਰਿਸਤੇਦਾਰਾਂ, ਦੋਸਤਾਂ ਮਿੱਤਰਾਂ ਸਹਿਤ ਹੁੰਮ ਹੁਮਾ ਕੇ ਪਹੁਚਣ ਦੀ ਬੇਨਤੀ ਕੀਤੀ।

**ਅਗਲੇ ਆਉਣ ਵਾਲੇ ਪ੍ਰੋਗਰਾਮਾਂ ਦਾ ਵੇਰਵਾ:**

ਸ਼੍ਰੀ ਆਖੰਡ ਪਾਠ ਸਾਹਿਬਾਂ ਦੀ ਲੜੀ ਵਿੱਚ 9ਵਾਂ ਸ਼੍ਰੀ ਅਖੰਡ ਪਾਠ ਸਾਹਿਬ ਜਿਨ੍ਹਾਂ ਦੀ ਸੇਵਾ ਸ਼੍ਰੀ ਕਰਨੈਲ ਵਿਰਕ , ਬੀਬੀ ਜਸਵਿੰਦਰ ਵਿਰਕ ਅਤੇ ਸਮੂੰਹ ਵਿਰਕ ਪਰਿਵਾਰ ਵਲੋਂ ਹੋ ਰਹੀ ਹੈ। ਸ਼੍ਰੀ ਅਖੰਡ ਪਾਠ ਫਰਵਰੀ 15, ਸ਼ੁੱਕਰਵਾਰ ਸਵੇਰੇ 10:30 ਵਜੇ ਆਰੰਭ ਹੋਣਗੇ ਅਤੇ ਐਤਵਾਰ, 17 ਫਰਵਰੀ ਨੂੰ ਬਾਣੀ ਦੇ ਭੋਗ ਸਵੇਰ ਦੇ ਦਿਵਾਨਾ (9:30 ਤੋਂ 1:30 ਤੱਕ) ਵਿਖੇ ਪਾਏ ਜਾਣਗੇ। ਸਵੇਰੇ 11ਵਜੇ ਅਰਦਾਸ ਅਤੇ ਹੁਕਮਨਾਮੇ ਹੋਣਗੇ ਉਪਰੰਤ 11:30 ਵਜੇ ਗੁਰੂਘਰ ਦਾ ਹਜ਼ੂਰੀ ਰਾਗੀ ਜੱਥਾ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰੇਗਾ।

19 ਫਰਵਰੀ ਨੂੰ ਸ਼੍ਰੀ ਗੁਰੂ ਰਵਿਦਾਸ ਜੀ ਦੇ ਆਗਮਨ ਪੁਰਬ ਦੇ ਸ਼ੁੱਭ ਅਵਸਰ ਤੇ ਸ਼੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਵਿੱਚ 10ਵੇ ਅਖੰਡ ਪਾਠ ਸਾਹਿਬ ਦੀ ਸੇਵਾ ਗੁਰੂਘਰ ਦੇ ਸੇਵਾਦਾਰ ਸ਼੍ਰੀ ਮੇਵਾ ਸਿੰਘ ਜਾਗਰ, ਬੀਬੀ ਜਸਵੰਤ ਕੌਰ ਜਾਗਰ ਜੀ ਅਤੇ ਸ਼੍ਰੀ ਭਗਵੰਤ ਜੱਸਲ, ਬੀਬੀ ਕੁਸਮਲਤਾ ਜੱਸਲ ਜੀ ਅਤੇ ਸਮੂੰਹ ਪਰਿਵਾਰ ਵਲੋਂ ਹੋ ਰਹੀ ਹੈ।

ਸ਼੍ਰੀ ਅਖੰਡ ਪਾਠ ਆਰੰਭ ਐਤਵਾਰ, 17 ਫਰਵਰੀ ਸਵੇਰੇ 10:30 ਵਜੇ ਹੋਣਗੇ ਅਤੇ ਭੋਗ ਮੰਗਲਵਾਰ,19 ਫਰਵਰੀ ਸਵੇਰ ਦੇ ਦਿਵਾਨਾ (9:30 ਤੋਂ 1:30 ਤੱਕ) ਵਿੱਚ ਪਾਏ ਜਾਣਗੇ ਜੀ। ਸਵੇਰੇ 11 ਵਜੇ ਅਰਦਾਸ ਅਤੇ ਹੁਕਮਨਾਮੇ ਹੋਣਗੇ ਉਪਰੰਤ 11:30 ਵਜੇ ਗੁਰੂਘਰ ਦਾ ਹਜ਼ੂਰੀ ਰਾਗੀ ਜੱਥਾ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰੇਗਾ।

ਗੁਰੂ ਸਾਹਿਬ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸ਼ਾਮਾਂ ਦੇ ਦਿਵਾਨ ਸ਼ਾਮ 5:30 ਤੋਂ 9:30 ਤੱਕ ਗੁਰੂਘਰ ਵਿਖੇ ਸਜਾਏ ਜਾਣਗੇ ਜਿਸ ਵਿੱਚ ਸ਼੍ਰੀ ਰਹਿਰਾਸ ਸਾਹਿਬ ਦੇ ਜਾਪ ਉਪਰੰਤ 6:30 ਤੋਂ 7:30 ਵਜੇ ਤੱਕ ਭਾਈ ਜਸਪਾਲ ਸਿੰਘ ਜੀ ਦਾ ਜੱਥਾ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰੇਗਾ ਅਤੇ 7:30 ਤੋਂ 9 ਵਜੇ ਤੱਕ ਸਿੱਖ ਜਗਤ ਦਾ ਪ੍ਰਸਿੱਧ ਢਾਡੀ ਜੱਥਾ ਭਾਈ ਲਖਵਿੰਦਰ ਸਿੰਘ ਸੋਹਲ ਢਾਡੀ ਪ੍ਰਸੰਗਾਂ ਦੁਆਰਾ ਗੁਰੂ ਸਾਹਿਬ ਦੇ ਇਤਹਾਸ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

ਆਪ ਆਪਣੇ ਪਰਿਵਾਰਾਂ, ਰਿਸਤੇਦਾਰਾਂ, ਦੋਸਤਾਂ ਮਿੱਤਰਾਂ ਸਹਿਤ ਦਰਸ਼ਨ ਦੇ ਕੇ ਗੁਰੂਘਰ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰੋ ਜੀ।

**ਨਗਰ ਕੀਰਤਨ ਦੇ ਸਮਾਗਮਾਂ ਨੂੰ ਸਪੌਂਸਰ ਕਰਨ ਲਈ ਸੇਵਾਵਾਂ ਖੁਲੀਆਂ ਹਨ। ਸੰਪਰਕ:**

ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ
ਸ਼੍ਰੀ ਰਾਜ ਬੱਧਣ ਜੀ (916) 601-3842
ਸ਼੍ਰੀ ਇੰਦਰਜੀਤ ਪੜਵੱਗਾ ਜੀ (916) 276-2538
ਸ਼੍ਰੀ ਤੇਜਪਾਲ ਵਿਰਕ ਜੀ (916) 912-5678

SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਡਾ. ਅਨੰਦ ਤੇਲਤੁੰਬੜੇ ਵਿਰੁੱਧ ਝੂਠੇ ਕੇਸ ਰੱਦ ਕਰੋ





**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.), ਅੰਬੇਡਕਰ ਭਵਨ ਟਰੱਸਟ, ਜਲੰਧਰ (ਰਜਿ.), ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਦੀ ਪੰਜਾਬ ਇਕਾਈ ਅਤੇ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੇ ਪ੍ਰਤੀਨਿਧੀ ਕੇਂਦਰ ਸਰਕਾਰ ਅਤੇ ਮਹਾਰਾਸ਼ਟਰ ਸਰਕਾਰ ਨੂੰ ਅਪੀਲ ਕਰਦੇ ਹਨ ਕਿ ਡਾ. ਅਨੰਦ ਤੇਲਤੁੰਬੜੇ ਵਿਰੁੱਧ ਝੂਠੇ ਅਪਰਾਧਕ ਕੇਸ ਕਰਕੇ ਉਨ੍ਹਾਂ ਨੂੰ ਪਰੇਸ਼ਾਨ ਨਾ ਕੀਤਾ ਜਾਵੇ. ਇਨ੍ਹਾਂ ਸੰਗਠਨਾਂ ਦੀ ਤਰਫੋਂ ਅੱਜ ਅੰਬੇਡਕਰ ਚੌਕ ਵਿਖੇ ਇਕ ਭਾਰੀ ਰੋਸ਼ ਪ੍ਰਦਰਸ਼ਨ ਕੀਤਾ ਗਿਆ। ਡਾ. ਅਨੰਦ ਤੇਲਤੁੰਬੜੇ ਇਕ ਵਿਸ਼ਵ-ਪੱਧਰ ਦੇ ਬੌਧਿਕ ਅਤੇ ਲੇਖਕ ਹਨ. ਉਹ ਦੁਨੀਆਂ ਭਰ ਵਿੱਚ ਇੰਨੇ ਮਸ਼ਹੂਰ ਹਨ ਕਿ 600 ਤੋਂ ਵੱਧ ਬੁੱਧੀਜੀਵੀਆਂ ਨੇ ਉਨ੍ਹਾਂ ਦੇ ਹੱਕ ਵਿੱਚ ਜਨਤਕ ਅਲੋਚਨਾ ਕੀਤੀ ਹੈ। ਇੱਥੋਂ ਤੱਕ ਕਿ 1 ਜਨਵਰੀ, 2018 ਨੂੰ ਡਾ. ਅਨੰਦ ਤੇਲਤੁੰਬੜੇ ਭੀਮਾ ਕੋਰੇਗਾਓਂ ਵੀ ਮੌਜੂਦ ਨਹੀਂ ਸੀ, ਤਾਂ ਵੀ ਉਨ੍ਹਾਂ 'ਤੇ ਉਨ੍ਹਾਂ ਦੇ ਖਿਲਾਫ ਇੱਕ ਬੇਬੁਨਿਆਦ ਅਪਰਾਧਿਕ ਮਾਮਲਾ ਘੜਿਆ ਜਾ ਰਿਹਾ ਹੈ, ਜਿਸਦਾ ਇਕੋ ਇਕ ਮਕਸਦ ਉਸ ਦੀ ਆਵਾਜ਼ ਨੂੰ ਰੋਕਣਾ ਹੈ।

ਅਫ਼ਸੋਸ ਹੈ ਕਿ ਭੀਮਾ ਕੋਰੇਗਾਓਂ ਵਿਚ ਜਿਨ੍ਹਾਂ ਲੋਕਾਂ ਨੇ ਨਿਹੱਥੇ ਸ਼ਰਧਾਲੂਆਂ 'ਤੇ ਅਤਿਆਚਾਰ ਕੀਤੇ, ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ, ਜਦਕਿ ਦਲਿਤਾਂ ਅਤੇ ਉਨ੍ਹਾਂ ਦੇ ਬੁੱਧੀਜੀਵੀਆਂ' ਤੇ ਦਬਾਅ ਪਾਇਆ ਜਾ ਰਿਹਾ ਹੈ. ਉਪਰਲੇ ਸੰਗਠਨਾਂ ਦੇ ਪ੍ਰਤੀਨਿਧ ਇਹ ਵੀ ਮੰਗ ਕਰਦੇ ਹਨ ਕਿ ਡਾ. ਅਨੰਦ ਤੇਲਤੁੰਬੜੇ ਦੇ ਖਿਲਾਫ ਅਪਰਾਧਿਕ ਮਾਮਲਿਆਂ ਨੂੰ ਛੇਤੀ ਹੀ ਰੱਦ ਕਰ ਦਿੱਤਾ ਜਾਵੇ. ਕਿਉਂਕਿ ਦੇਸ਼ ਦੀ ਦੁਨੀਆ ਭਰ ਵਿੱਚ ਬਦਨਾਮੀ ਹੋ ਰਹੀ ਹੈ।

ਉਨ੍ਹਾਂ ਨੇ ਇਹ ਵੀ ਮੰਗ ਕੀਤੀ ਕਿ ਸੁਧਾ ਭਾਰਦਵਾਜ, ਗੌਤਮ ਨਵਲੱਖਾ, ਪੀ. ਵਰਵਰਾ ਰਾਓ, ਵਰਨੋਂਨ ਗੋਨਸਾਲਵੇਜ਼ ਅਤੇ ਅਰੁਨ ਫੇਰੇਰਾ ਵਰਗੇ ਹੋਰ ਸਮਾਜਿਕ ਵਰਕਰਾਂ, ਜਿਨ੍ਹਾਂ ਨੂੰ ਸ਼ਹਿਰੀ ਨਕਸਲੀ ਕਿਹਾ ਜਾਂਦਾ ਹੈ, ਵਿਰੁੱਧ ਵੀ ਝੂਠੇ ਕੇਸ ਛੇਤੀ ਹੀ ਰੱਦ ਕੀਤੇ ਜਾਣ. ਇਸ ਸਬੰਧ ਵਿਚ, ਭਾਰਤ ਦੇ ਪ੍ਰਧਾਨ ਮੰਤਰੀ ਅਤੇ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਨੂੰ ਇਕ ਮੈਮੋਰੰਡਮ, ਮਾਨਯੋਗ ਡਿਪਟੀ ਕਮਿਸ਼ਨਰ ਜਲੰਧਰ ਦੀ ਮਾਰਫ਼ਤ ਦਿੱਤਾ ਗਿਆ. ਇਸ ਮੌਕੇ ਸਰਵਸ਼੍ਰੀ ਵਰਿੰਦਰ ਕੁਮਾਰ, ਬਲਦੇਵ ਰਾਜ ਭਾਰਦਵਾਜ, ਆਰ ਸੀ ਸੰਗਰ, ਸੁਖਵਿੰਦਰ ਕੌਰ, ਪ੍ਰੀਤੀ ਕੌਲਧਰ, ਚਮਨ ਲਾਲ, ਹਰਮੇਸ਼ ਜੱਸਲ, ਚੌ. ਹਰੀ ਰਾਮ, ਧਨੀ ਰਾਮ ਸੂਦ, ਐਡਵੋਕੇਟ ਹਰਭਜਨ ਸਾਂਪਲਾ, ਰਣਜੀਤ ਸਿੰਘ ਔਲਖ ਅਤੇ ਚਿਰੰਜੀ ਲਾਲ ਹਾਜਰ ਸਨ.

# ਵਿਚਾਰਾਂ ਦੇ ਪ੍ਰਗਟਾਵੇਂ ਦੀ ਆਜ਼ਾਦੀ 'ਤੇ ਹੱਲੇ ਖਿਲਾਫ਼ ਵਿਚਾਰ-ਚਰਚਾ 23 ਨੂੰ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 23 ਫਰਵਰੀ ਦਿਨੇ 2 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਦੇਸ਼ ਭਰ ਦੇ ਬੁੱਧੀਮਾਨਾ ਦੀ ਰਿਹਾਈ, ਝੂਠੇ ਕੇਸ ਰੱਦ ਕਰਨ, ਵਿਚਾਰਾਂ ਦੀ ਆਜ਼ਾਦੀ ਉਪਰ ਹੱਲਾ ਬੰਦ ਕਰਨ ਦੇ ਮੁੱਦੇ ਨੂੰ ਲੈ ਕੇ ਵਿਚਾਰ-ਚਰਚਾ ਕੀਤੀ ਜਾਏਗੀ।

ਇਹ ਵਿਚਾਰ ਚਰਚਾ ਸਚਿੰਦਰ ਨਾਥ ਸਾਨਿਆਲ, ਮਦਨ ਲਾਲ ਢੀਂਗਰਾ, ਰਾਮ ਸ਼ਰਨ ਦਾਸ ਤਲਵਾੜ, ਸ਼ਾਮ ਸਿੰਘ ਅਟਾਰੀਵਾਲਾ, ਪੰਡਿਤ ਸੋਹਨ ਲਾਲ ਪਾਠਕ, ਸੂਫ਼ੀ ਅੰਬਾ ਪ੍ਰਸ਼ਾਦ, ਚੰਦਰ ਸ਼ੇਖਰ ਆਜ਼ਾਦ, ਸ਼ੇਰ ਅਲੀ, ਡਾ. ਗਯਾ ਪ੍ਰਸ਼ਾਦ, ਸੁਖਦੇਵ, 1926 ਤੇ 1927 ਦੇ 12 ਸ਼ਹੀਦ ਬਬਰਾਂ ਅਤੇ ਫਰਵਰੀ ਮਹੀਨੇ ਦੇ ਸਮੂਹ ਗ਼ਦਰੀ ਦੇਸ਼ ਭਗਤਾਂ ਨੂੰ ਸਮਰਪਿਤ ਹੋਏਗੀ। ਇਸ ਵਿਚਾਰ ਚਰਚਾ 'ਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਨਵੀਂ ਦਿੱਲੀ) ਦੇ ਸਾਬਕਾ ਵਿਦਿਆਰਥੀ ਆਗੂ ਡਾ. ਅਨਿਰਬਾਨ ਭੱਟਾਚਾਰੀਆ ਅਤੇ ਜਾਣੀ-ਪਛਾਣੀ ਲੇਖਿਕਾ ਤੇ ਜਮਹੂਰੀ ਹੱਕਾਂ ਦੀ ਝੰਡਾ ਬਰਦਾਰ ਡਾ. ਨਵਸ਼ਰਨ ਮੁੱਖ ਬੁਲਾਰੇ ਦੇ ਤੌਰ 'ਤੇ ਸ਼ਿਰਕਤ ਕਰਨਗੇ। ਵਿਚਾਰ-ਚਰਚਾ 'ਵਿਚਾਰਾਂ ਦੇ ਪ੍ਰਗਟਾਵੇਂ ਦੀ ਆਜ਼ਾਦੀ 'ਤੇ ਹੱਲੇ ਖਿਲਾਫ਼ ਬੁੱਧੀਜੀਵੀ ਵਰਗ ਅਤੇ ਲੋਕਾਂ ਦੀ ਭੂਮਿਕਾ' ਉਪਰ ਕੇਂਦਰਤ ਹੋਏਗੀ।

ਉਨ੍ਹਾਂ ਦੱਸਿਆ ਕਿ ਜਿਵੇਂ ਪਿਛਲੇ ਅਰਸੇ ਤੋਂ ਮੁਲਕ ਭਰ ਦੇ ਬੁੱਧੀਜੀਵੀਆਂ, ਲੇਖਕਾਂ ਸਿਰ ਝੂਠੇ ਕੇਸ ਮੜ੍ਹ ਕੇ ਉਨ੍ਹਾਂ ਨੂੰ ਸੀਖਾਂ ਪਿੱਛੇ ਸੁੱਟਿਆ ਜਾ ਰਿਹਾ ਹੈ, ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ। ਉਸ ਦੀ ਲੜੀ ਵਜੋਂ ਗੋਆ ਇੰਸਟੀਚਿਊਟ ਆਫ਼ ਮੈਨੇਜਮੈਂਟ ਦੇ ਪ੍ਰੋ. ਆਨੰਦ ਤੈਲਤੁੰਬੜੇ ਨੂੰ ਗੈਰ-ਕਾਨੂੰਨੀ ਹਿਰਾਸਤ ਵਿੱਚ ਲੈਣ, ਮਨਘੜਤ ਕੇਸ ਮੜ੍ਹਨ ਅਤੇ ਉਨ੍ਹਾਂ ਸਮੇਤ ਹੋਰ ਕਿੰਨੇ ਹੀ ਵਿਦਵਾਨਾਂ ਨੂੰ ਗ੍ਰਿਫ਼ਤਾਰ ਕਰਨ ਦੀ ਲਟਕਦੀ ਤਲਵਾਰ ਦੇ ਮਨਸੇ ਨਾਕਾਮ ਕਰ ਲਈ ਰੱਖੀ ਇਹ ਵਿਚਾਰ-ਚਰਚਾ ਜ਼ਬਰਦਸਤ ਲੋਕ-ਆਵਾਜ਼ ਦੀ ਸੰਗੀ-ਸਾਥੀ ਹੋਵੇਗੀ। ਕਮੇਟੀ ਨੇ ਸਮੂਹ ਲੇਖਕਾਂ, ਸਾਹਿਤਕਾਰਾਂ ਨੂੰ ਵਿਚਾਰ-ਚਰਚਾ 'ਚ ਸ਼ਿਰਕਤ ਕਰਨ ਦੀ ਜ਼ੋਰਦਾਰ ਅਪੀਲ ਕੀਤੀ ਹੈ।

# ਭਾਰਤੀ ਮੂਲ ਦੀ ਵਲੈਤਣ ਬੈਰਿਸਟਰ ਨੂੰ ਰਾਸ ਆਇਆ ਭਾਰਤੀ ਖਾਣਿਆਂ ਦਾ ਬਿਜਨਿਸ

**ਲੰਡਨ (ਮਨਦੀਪ ਖੁਰਮੀ)–** ਇੰਗਲੈਂਡ ਦੇ ਉੱਤਰ ਪੱਛਮੀ ਇਲਾਕੇ 'ਚ ਲਿਵਰਪੂਲ ਦੇ ਨਾਲ ਲਗਦੇ ਨਿੱਕੇ ਜਿਹੇ ਕਸਬੇ ਓਮਜ਼ਕਰਕ ਵਿੱਚ ਜੰਮੀ ਪਲੀ ਭਾਰਤੀ ਮੂਲ ਦੀ ਕੁੜੀ ਨੇ ਆਪਣੀ ਜ਼ਿੰਦਗੀ ਵਿੱਚ ਅਜਿਹਾ ਦਾਅ ਖੇਡਿਆ ਕਿ ਆਪਣੇ ਖੇਤਰ ਦੀ ਬਾਦਸ਼ਾਹਤ ਹਾਸਲ ਕਰ ਲਈ। ਜੀ ਹਾਂ, ਨਿਸ਼ਾ ਕਟੋਨਾ ਨਾਮ ਦੀ ਇਹ ਉੱਦਮੀ ਔਰਤ ਓਮਜ਼ਕਰਕ ਵਿੱਚ ਰਹਿੰਦਿਆਂ ਬਾਲ ਸੁਰੱਖਿਆ ਬੈਰਿਸਟਰ ਤੱਕ ਦੀ ਵਿੱਦਿਆ ਹਾਸਲ ਕਰਨ ਦੇ ਨਾਲ ਨਾਲ ਭਾਰਤੀ ਖਾਣਿਆਂ ਦੇ ਬਿਜਨਿਸ ਵੱਲ ਅਜਿਹਾ ਮੁੜੀ ਕਿ ਉਸਨੂੰ "ਮੈਂਬਰ ਆਫ ਬਰਿਟਿਸ਼ ਅੰਪਾਇਰ" (ਐੱਮ ਬੀ ਈ) ਦਾ ਮਾਣਮੱਤਾ ਖਿਤਾਬ ਵੀ ਹਾਸਲ ਹੋਇਆ। ਜਿਕਰਯੋਗ ਹੈ ਕਿ ਨਿਸ਼ਾ ਨੂੰ ਬੈਰਿਸਟਰ ਵਜੋਂ ਕੰਮ ਕਰਦੇ ਸਮੇਂ 2008 ਵਿੱਚ ਸੱਭਿਆਚਾਰ, ਖੇਡਾਂ ਅਤੇ ਮੀਡੀਆ ਵਿਭਾਗ ਨੇ ਨੈਸ਼ਨਲ ਮਿਊਜ਼ੀਅਮ ਲਿਵਰਪੂਲ ਦੀ ਟਰੱਸਟੀ ਵਜੋਂ ਚੁਣਿਆ। 2009 ਵਿੱਚ ਉਸਨੂੰ ਕੈਬਨਿਟ ਦਫ਼ਤਰ ਵੱਲੋਂ ਵੱਖ ਵੱਖ ਮੂਲਾਂ ਦੇ ਲੋਕਾਂ ਦੀਆਂ ਜਨਤਕ ਨਿਯੁਕਤੀਆਂ ਦੀ ਰਾਜਦੂਤ ਬਣਨ ਦਾ ਮਾਣ ਮਿਲਿਆ। ਬੈਰਿਸਟਰ ਦੇ ਕੰਮ ਨੂੰ ਲਾਂਭੇ ਰੱਖ ਕੇ ਉਸਨੇ ਭਾਰਤੀ ਖਾਣਿਆਂ ਦੀ ਰੈਸਟੋਰੈਂਟ ਲੜੀ "ਮੋਗਲੀ ਰੈਸਟੋਰੈਂਟ" ਦਾ ਆਗਾਜ਼ ਕੀਤਾ। ਉਸਦਾ ਇਹ ਤਜ਼ਰਬਾ ਇੰਨਾ ਸਫ਼ਲ ਰਿਹਾ ਕਿ ਹੁਣ ਉਸਦੇ ਲਿਵਰਪੂਲ ਵਿੱਚ ਦੋ, ਮਾਨਚੈਸਟਰ ਵਿੱਚ ਦੋ, ਬਰਮਿੰਘਮ, ਆਕਸਫੋਰਡ, ਨੌਟਿੰਘਮ, ਕਾਰਡਿਫ ਵਿਖੇ ਰੈਸਟੋਰੈਂਟ ਭਾਰਤੀ ਖਾਣਿਆਂ ਦੀਆਂ ਮਹਿਕਾਂ ਖਿੰਡਾ ਰਹੇ ਹਨ।



ਭਾਰਤ ਤੋਂ ਬੇਸ਼ੱਕ ਨਿਸ਼ਾ ਦੀ ਮਾਂ ਖਾਲੀ ਹੱਥ ਇੰਗਲੈਂਡ ਆਈ ਸੀ ਪਰ ਵਕਾਲਤ ਪੇਸ਼ੇ ਤੋਂ ਰਸੋਈ ਵੱਲ ਪਰਤੀ ਨਿਸ਼ਾ ਦੇ ਕਾਰੋਬਾਰ ਵਿੱਚੋਂ ਸਾਲਾਨਾ ਲਗਭਗ ਇੱਕ ਲੱਖ ਪੌਂਡ ਖੈਰਾਤੀ ਸੰਸਥਾਵਾਂ ਨੂੰ ਜਾਂਦਾ ਹੈ। ਉਹ ਸਿਰਫ ਆਪਣੇ ਰੈਸਟੋਰੈਂਟਾਂ ਦੇ ਕਾਰੋਬਾਰ ਤੱਕ ਹੀ ਸੀਮਤ ਨਾ ਰਹਿ ਕੇ ਇੱਕ ਭੋਜਨ ਬਨਾਉਣ ਦੇ ਤਰੀਕੇ ਸਿਖਾਉਣ ਵਾਲੀ ਲੇਖਿਕਾ ਅਤੇ ਟੈਲੀਵਿਜ਼ਨ ਪੇਸ਼ਕਾਰਾ ਵਜੋਂ ਵੀ ਜਾਣੀ ਜਾਂਦੀ ਹੈ। ਨਿਸ਼ਾ ਨੇ ਹੁਣ ਤੱਕ ਤਿੰਨ ਕਿਤਾਬਾਂ "ਪਿੰਪ ਮਾਈ ਰਾਈਸ", "ਦ ਸਪਾਈਸ ਟਰੀ" ਅਤੇ "ਦ ਮੋਗਲੀ ਸਟਰੀਟ ਫੂਡ" ਵੀ ਭਾਰਤੀ ਖਾਣਿਆਂ ਦੇ ਸ਼ੌਕੀਨਾਂ ਲਈ ਲਿਖੀਆਂ ਹਨ। ਪਾਣੀ ਪੂਰੀ ਅਤੇ ਗੋਲ ਗੱਪਿਆਂ ਸਮੇਤ ਬਹੁਤ ਸਾਰੇ ਭਾਰਤੀ ਖਾਣਿਆਂ ਦਾ ਆਨੰਦ ਲੈਣ ਲਈ ਗੋਰੇ ਗੋਰੀਆਂ ਉਸਦੇ ਰੈਸਟੋਰੈਂਟਾਂ ?ਚ ਵਹੀਰਾਂ ਘੱਤ ਆਉਂਦੇ ਹਨ। ਨਿਸ਼ਾ ਦੱਸਦੀ ਹੈ ਕਿ ਬੈਰਿਸਟਰ ਵਰਗੀ ਨੌਕਰੀ ਵੱਲੋਂ ਇੱਕਦਮ ਪਾਸੇ ਹੋਣਾ, ਆਰਥਿਕ ਵਸੀਲਿਆਂ ?ਚ ਗੜਬੜ ਪੈਦਾ ਕਰਨ ਵਰਗਾ ਕਦਮ ਸੀ। ਪਰ ਮਜ਼ਬੂਤ ਇੱਛਾ ਸ਼ਕਤੀ ਤੇ ਮਿਹਨਤ ਕਰਕੇ ਉਸਨੂੰ ਹੁਣ ਕੋਈ ਪਛਤਾਵਾ ਨਹੀਂ। ਨਿਸ਼ਾ ਆਪਣੀ ਮੁਹਾਰਤ ਨੂੰ ਚੈਨਲ 4, ਬੀ ਬੀ ਸੀ, ਆਈ ਟੀ ਵੀ ਅਤੇ ਫੂਡ ਨੈੱਟਵਰਕ ਆਦਿ ਚੈਨਲਾਂ ਰਾਂਹੀਂ ਪ੍ਰਸਾਰਿਤ ਕਰਦੀ ਰਹਿੰਦੀ ਹੈ।



ਬੀਤੀ 6 ਫਰਵਰੀ ਨੂੰ ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਸੰਤ 108 ਸ੍ਰੀ ਨਰੰਜਣ ਦਾਸ ਜੀ ਦੀ ਆਪਾਰ ਕਿਰਪਾ ਉੱਘੇ ਪੰਜਾਬੀ ਗਾਇਕ ਉਸਤਾਦ ਸ੍ਰੀ ਫਿਰੋਜ਼ ਖਾਂ ਅਤੇ ਸਾਇਸ ਸਮੀ ਦੀ ਛਤਰ ਛਾਇਆ ਹੇਠ ਪੰਜਾਬੀ ਗੀਤ ਕਲਾਕਾਰ ਪ੍ਰਦੀਪ ਬੱਧਣ, ਰਬਿੰਦਰ ਰਾਜ ਅਤੇ ਮਾਸਟਰ ਅਨੂਪ ਵੱਲੋਂ ਡੀ. ਐਸ. ਮਿਊਜ਼ਿਕ ਕੰਪਨੀ ਦੇ ਬੈਨਰ ਹੇਠ ਸ੍ਰੀ ਗੁਰੂ ਰਵਿਦਸ ਜੀ ਦੇ 642ਵੇਂ ਜਨਮ ਉਤਸਵ ਦੇ ਸਬੰਧ ਵਿਚ ਟਰੈਕ ਜਾਰੀ ਕੀਤਾ, ਜਿਸ ਦਾ ਟਾਈਟਲ 'ਜਨਮ ਦਿਹਾੜਾ ਕਾਂਸੀ ਵਾਲੇ ਦਾ' ਅਤੇ 'ਹਰ ਹਰ ਬੋਲ ਮਨਾ' ਰੱਖਿਆ ਗਿਆ।

# ਗੁਰੂ ਕਿਰਪਾ ਇੰਟਰਨੈਸ਼ਲ ਕੰਨਿਆਦਾਨ ਸੰਸਥਾ ਦੀ ਮੀਟਿੰਗ ਪਿੰਡ ਰੰਧਾਵਾ ਮਸੰਦਾਂ ਵਿਖੇ ਹੋਈ

**ਜਲੰਧਰ–** ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆਦਾਨ ਸੰਸਥਾ ਦੀ ਮੀਟਿੰਗ ਪਿੰਡ ਰੰਧਾਵਾ ਮਸੰਦਾਂ ਵਿਖੇ ਪੰਜ ਸਮੂਹਿਕ ਲੋੜਵੰਦ ਲੜਕੀਆਂ ਦੇ ਵਿਆਹ ਕਰਨ ਸਬੰਧੀ ਉਨ੍ਹਾਂ ਦੇ ਮਾਪਿਆਂ ਨਾਲ ਹੋਈ। ਇਸ ਮੌਕੇ ਪ੍ਰਧਾਨ ਬੀਰ ਚੰਦ ਸੁਰੀਲਾ ਨੇ ਕਿਹਾ ਕਿ ਕੰਨਿਆਦਾਨ ਇੱਕ ਉੱਤਮ ਦਾਨ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸੰਸਥਾ ਵੱਲੋਂ 3 ਮਾਰਚ ਨੂੰ ਜੋ ਸਮਾਰੋਹ ਹੋ ਰਿਹਾ ਹੈ, ਉਹ ਤੀਸਰਾ ਕੰਨਿਆਦਾਨ ਸਮਾਗਮ ਹੈ। ਇਹ ਸਮਾਗਮ ਦੇਸ਼ਾਂ-ਵਿਦੇਸ਼ਾਂ ਵਿਚ ਸੰਸਥਾ ਦੇ ਮੈਂਬਰਾਂ ਦੇ ਆਰਥਿਕ ਸਹਿਯੋਗ ਨਾਲ ਕੀਤੇ ਜਾਂਦੇ ਹਨ। ਵਿਆਹ ਸਮਾਗਮਾਂ 'ਚ ਲੜਕੀਆਂ ਨੂੰ ਵਰਤਣਯੋਗ ਘਰੇਲੂ ਸਮਾਨ ਵੀ ਦਿੱਤਾ ਜਾਂਦਾ ਹੈ। ਲੜਕੀਆਂ ਦੇ ਮਾਪਿਆਂ ਨੂੰ ਸੰਸਥਾ ਦੇ ਸੰਵਿਧਾਨ ਬਾਰੇ ਵੀ ਦੱਸਿਆ ਗਿਆ ਅਤੇ ਤੀਸਰੇ ਕੰਨਿਆ ਦਾਨ ਸਮਾਗਮ ਸਬੰਧੀ ਪ੍ਰਬੰਧਕਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਤਾਂ ਜੋ ਇਹ ਸਮਾਗਮ ਬੜੇ ਹੀ ਸੁਚੱਜੇ ਢੰਗ ਨਾਲ ਨੇਪਰੇ ਚੜ੍ਹ ਸਕੇ। ਉਨ੍ਹਾਂ ਕਿਹਾ ਕਿ 3 ਮਾਰਚ ਤੋਂ ਪਹਿਲਾਂ ਸਾਡੀ ਸੰਸਥਾ ਦੇ ਸਮੂਹ ਐੱਨ.ਆਰ.ਆਈ. ਮੈਂਬਰ ਪੰਜਾਬ ਪਹੁੰਚ ਜਾਣਗੇ ਅਤੇ ਇਸ ਸਮਾਗਮ ਵਿਚ ਹਿੱਸਾ ਲੈਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ. ਸਰਵਣ ਸਿੰਘ, ਵੈਦ ਸੋਮ ਪ੍ਰਕਾਸ਼, ਹਰਜਿੰਦਰ ਕਲੇਰ, ਹਰੀਸ਼ ਵਿਰਦੀ, ਡਾ. ਮੱਖਣ ਲਾਲ ਸਾਬਕਾ ਸਰਪੰਚ, ਡਾ. ਸੁਰਿੰਦਰ ਪਾਲ, ਇੰਜੀ. ਜਗਦੀਪ ਸਿੰਘ, ਦੇਵ ਰਾਜ ਗਾਹਟ ਸਾਬਕਾ ਸਰਪੰਛ, ਜੀਤੀ, ਪਾਲ ਤੋਂ ਇਲਾਵਾ ਲੜਕੀਆਂ ਦੇ ਮਾਪੀ ਵੀ ਹਾਜ਼ਰ ਸਨ।



# ਜਸਵੀਰ ਰਾਣਾ ਦੇ ਖਤ 'ਇਕ ਖਤ ਮਾਤ ਭੂਮੀ ਦੇ ਨਾਂ' ਨੂੰ ਐਵਾਰਡ



**ਜਲੰਧਰ–** ਡਿਪਾਰਟਮੈਂਟ ਆਫ ਪੋਸਟਸ ਇੰਡੀਆ ਵੱਲੋਂ ਕਰਵਾਏ ਗਏ ਖਤ ਮੁਕਾਬਲੇ ਵਿਚ ਪੰਜਾਬ ਸਰਕਲ ਵਿਚੋਂ ਕਹਾਣੀਕਾਰ ਜਸਵੀਰ ਰਾਣਾ ਦੇ ਖਤ 'ਇਕ ਖਤ ਮਾਤ ਭੂਮੀ ਦੇ ਨਾਂ' ਨੂੰ ਸਰਵੋਤਮ ਖਤ ਵਜੋਂ ਚੁਣ ਕੇ 10 ਹਜ਼ਾਰ ਰੁਪਏ ਦਾ ਪ੍ਰਾਈਜ਼ ਐਵਾਰਡ ਪ੍ਰਦਾਨ ਕੀਤਾ ਗਿਆ ਹੈ। ਹੈਡ ਆਫ ਦੀ ਡਿਪਾਰਟਮੈਂਟ ਵੱਲੋਂ ਚੰਡੀਗੜ੍ਹ ਵਿਚ ਕਰਵਾਏ ਇਕ ਭਾਵਪੂਰਤ ਸਮਾਰੋਹ ਵਿਚ ਐਵਾਰਡ ਪ੍ਰਾਪਤ ਕਰਨ ਤੋਂ ਬਾਅਦ ਜਸਵੀਰ ਰਾਣਾ ਨੇ ਖਤ ਵਿਧਾ ਦੀ ਅਮੀਰੀ ਤੇ ਮਹੱਤਤਾ ਉਪਰ ਟਿੱਪਣੀ ਕਰਦੇ ਹੋਏ ਕਿਹਾ ਕਿ 'ਖਤ ਕਦੇ ਡਲੀਟ ਲਈ ਹੁੰਦਾ।' ਇਸ ਵਿਚ ਇਕੱਲੇ ਪੰਜਾਬ ਸਰਕਾਰ ਵਿਚੋਂ 14 ਹਜ਼ਾਰ ਲੋਕਾਂ ਨੇ ਖਤ ਲਿਖ ਕੇ ਐਂਟਰੀ ਦਰਜ ਕਰਵਾਈ।

# ਸਥਾਨਕ ਸੀਨੀਅਰ ਸਿਟੀਜ਼ਨ ਕੌਂਸਲ ਰਾਜਪੁਰਾ ਵੱਲੋਂ ਸਾਹਿਤਕ ਪ੍ਰੋਗਰਾਮ ਕਰਵਾਇਆ ਗਿਆ

**ਰਾਜਪੁਰਾ (ਬਿਊਰੋ)–** ਸਥਾਨਕ ਸੀਨੀਅਰ ਸਿਟੀਜ਼ਨ ਕੌਂਸਲ ਵਿਖੇ ਇਕੱਠੇ ਹੋਏ ਬੁੱਧੀਜੀਵੀਆਂ ਨੇ ਸਾਹਿਤਕ ਪ੍ਰੋਗਰਾਮ ਰਚਿਆ। ਲੋਕ ਸਾਹਿਤ ਸੰਗਮ ਰਾਜਪੁਰਾ ਦੇ ਸਾਹਿਤਕਾਰਾਂ ਨੇ ਆਪਣੇ ਕਲਾਮ ਪੇਸ਼ ਕੀਤਾ। 'ਸੰਗਮ' ਦੇ ਪ੍ਰਧਾਨ ਡਾ. ਗੁਰਵਿੰਦਰ ਸਿੰਘ ਅਮਨ ਨੇ ਕਿਹਾ ਕਿ ਸਾਹਿਤ ਪੜ੍ਹਨਾ ਅਤੇ ਵਿਚਾਰਨਾ ਬੁੱਧੀਜੀਵੀਆਂ ਦਾ ਇਕ ਅਜਿਹਾ ਕਾਰਜ ਹੈ ਜੋ ਸਮਾਜ ਦੀ ਤਰੱਕੀ ਵਿਚ ਵਿਸ਼ੇਸ਼ ਯੋਗਦਾਨ ਪਾਉਂਦਾ ਹੈ। ਲੋਕ ਕਾਵਿ ਸੰਵੇਦਨਾਂ ਦੀ ਨਿਸ਼ਾਨੀ ਹੈ, ਸੰਵੇਦਨਸ਼ੀਲ ਦਿਮਾਗ ਉਸਾਰੂ ਸਮਾਜ ਦਾ ਨਿਰਮਾਣ ਕਰਦਾ ਹੈ। ਇਸ ਮੌਕੇ ਕਵੀ ਕਰਮ ਸਿੰਘ ਹਕੀਰ ਅਤੇ ਕੁਲਵੰਤ ਜੱਸਲ ਨੇ ਆਪਣੀਆਂ ਕਵਿਤਾਵਾਂ ਨਾਲ ਸਰੋਤੇ ਕੀਲ ਦਿੱਤੇ। ਬਚਨ ਸਿੰਘ ਸੋਢੀ ਦੀ ਕਵਾਲੀ, ਅੰਮ੍ਰਿਤਪਾਲ ਸਿੰਘ ਸ਼ੈਦਾ ਦੀ ਉਰਦੂ ਗਜ਼ਲ, ਡਾ. ਹਰਜੀਤ ਸੱਧਰ ਦਾ ਗੀਤ, ਭੀਮ ਸੈਨ ਝੂਲੇਲਾਲ, ਕੁਲਵੰਤ ਸ਼ਰਮਾ, ਗੁਰਦਰਸ਼ਨ ਸਿੰਘ ਗੁਸੀਲ, ਕ੍ਰਿਸ਼ਨ ਧੀਮਨ, ਹਰੀਦੱਤ ਹਬੀਬ, ਅਵਤਾਰ ਪੁਆਰ, ਤੇਜਿੰਦਰ ਅਣਜਾਣਾ, ਪ੍ਰੋ. ਸ਼ਤਰੂਘਨ ਗੁਪਤਾ, ਹਰਬੰਸ ਅਹੂਜਾ, ਅੰਗਰੇਜ਼ ਕਲੇਰ ਦੀਆਂ ਕਾਵਿਤਾਂ ਨੇ ਚੰਗਾ ਰੰਗ ਬੰਨ੍ਹਿਆ।



# ਲੋਕ ਸਭਾ ਚੋਣਾਂ ਲਈ ਬਸਪਾ ਦੀ ਅਗਵਾਈ ਹੇਠ ਪੰਜਾਬ ਵਿਚ ਬਣ ਰਿਹਾ ਮਹਾਂਗਠਜੋੜ- ਰਸ਼ਪਾਲ ਰਾਜੂ

## 22 ਸਿਆਸੀ ਪਾਰਟੀਆਂ ਨੇ ਭੈਣ ਮਾਇਆਵਤੀ ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਬਣਾਉਣ ਲਈ ਸਹਿਮਤੀ

**ਫਗਵਾੜਾ (ਰੱਤੂ)–** ਬਹੁਜਨ ਸਮਾਜ ਪਾਰਟੀ ਹਲਕਾ ਵਿਧਾਨਸਭਾ ਫਗਵਾੜਾ ਦੀ ਵਿਸ਼ੇਸ਼ ਮੀਟਿੰਗ ਹਲਕਾ ਪ੍ਰਧਾਨ ਚਿਰੰਜੀ ਲਾਲ ਕਾਲਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਮੁੱਖ ਮਹਿਮਾਨ ਵਜੋਂ ਬਸਪਾ ਪੰਜਾਬ ਦੇ ਪ੍ਰਧਾਨ ਰਸ਼ਪਾਲ ਸਿੰਘ ਰਾਜੂ ਸ਼ਾਮਲ ਹੋਏ। ਵਿਸ਼ੇਸ਼ ਮਹਿਮਾਨਾਂ ਵਜੋਂ ਸਤਪਾਲ ਬਿਰਹਾ ਸਕੱਤਰ ਪੰਜਾਬ, ਗੁਰਨਾਮ ਸਿੰਘ, ਰਚਨਾ ਦੇਵੀ, ਰਮੇਸ਼ ਕੌਲ ਜੋਨ ਇੰਚਾਰਜ਼ ਹਾਜਰ ਸਨ।

ਇਸ ਮੌਕੇ ਸੰਬੋਧਨ ਕਰਦਿਆਂ ਰਸ਼ਪਾਲ ਰਾਜੂ ਨੇ ਦੱਸਿਆ ਕਿ ਬਸਪਾ ਦਾ ਪੰਜਾਬ ਵਿਚ ਕੁਲ 13 ਲੋਕਸਭਾ ਸੀਟਾਂ ਤੇ ਭਾਜਪਾ ਅਤੇ ਐਨ.ਡੀ.ਏ. ਨੂੰ ਸ਼ਿਕਸਤ ਦੇਣ ਲਈ ਮਹਾਂਗਠਬੰਧਨ ਬਸਪਾ ਦੀ ਅਗਵਾਈ ਹੇਠ ਬਣ ਰਿਹਾ ਹੈ। ਦੇਸ਼ ਦੀਆਂ ਕਰੀਬ 22 ਸਿਆਸੀ ਪਾਰਟੀਆਂ ਨੇ ਭੈਣ ਮਾਇਆਵਤੀ ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਬਨਾਉਣ ਲਈ ਸਹਿਮਤੀ ਦਿੱਤੀ ਹੈ। ਇਸ ਲਈ ਹਰ ਬਸਪਾ ਵਰਕਰ ਦਾ ਫਰਜ਼ ਬਣਦਾ ਹੈ ਕਿ ਆਉਂਦੀਆਂ ਲੋਕਸਭਾ ਚੋਣਾਂ ਵਿਚ ਇਕ ਇਕ ਕੀਮਤੀ ਵੋਟ ਬਸਪਾ ਅਤੇ ਬਣਨ ਵਾਲੇ ਮਹਾਗਠਬੰਧਨ ਦੇ ਹੱਕ ਵਿਚ ਭੁਗਤਾ



ਕੇ ਭੈਣ ਮਾਇਆਵਤੀ ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਬਨਾਉਣ ਵਿਚ ਯੋਗਦਾਨ ਪਾਇਆ ਜਾਵੇ। ਉਹਨਾਂ ਵਿਰੋਧੀ ਧਿਰਾਂ ਤੇ ਸਿਆਸੀ ਹਮਲਾ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕ ਅਕਾਲੀ-ਭਾਜਪਾ ਗਠਜੋੜ ਅਤੇ ਕਾਂਗਰਸ ਪਾਰਟੀ ਦੇ ਝੂਠੇ ਲਾਰਿਆਂ ਤੋਂ ਅੱਕ ਚੁੱਕੇ ਹਨ ਅਤੇ ਬਸਪਾ ਦੀ ਅਗਵਾਈ ਹੇਠ ਬਣਨ ਜਾ ਰਹੇ ਮਹਾਗਠਬੰਧਨ ਨੂੰ ਦੇਖ ਰਹੇ ਹਨ। ਉਹਨਾਂ ਪੁਰਜੋਰ ਅਪੀਲ ਕਰਦਿਆਂ ਕਿਹਾ ਕਿ 70 ਸਾਲਾਂ ਦੀ ਸਿਆਸੀ ਗੁਲਾਮੀ ਤੋਂ ਛੁਟਕਾਰਾ ਪਾਉਣ ਅਤੇ ਦੇਸ਼ ਨੂੰ ਅਨ੍ਹਪੜਤਾ, ਬੇਰੁਜ਼ਗਾਰੀ, ਗਰੀਬੀ ਤੇ ਭ੍ਰਿਸ਼ਟਾਚਾਰ ਤੋਂ ਮੁਕਤ ਬਨਾਉਣ ਲਈ ਭੈਣ ਮਾਇਆਵਤੀ ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਬਨਾਉਣਾ ਹੀ ਅੱਜ ਦੇ ਸਮੇਂ ਦੀ ਮੰਗ ਹੈ। ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸੰਤੋਖ ਲਾਲ ਢੰਡਾ, ਹਰਭਜਨ ਖਲਵਾੜਾ ਸਾਬਕਾ ਜਿਲ੍ਹਾ ਪਰੀਸ਼ਦ ਮੈਂਬਰ, ਪਰਮਿੰਦਰ ਪਲਾਹੀ, ਐਡਵੋਕੇਟ ਕੁਲਦੀਪ ਭੱਟੀ, ਹਰਭਜਨ ਸੁਮਨ, ਪਰਮਿੰਦਰ ਬੋਧ, ਪ੍ਰਨੀਸ਼ ਬੰਗਾ, ਸੀਮਾ ਰਾਣੀ ਮੈਂਬਰ ਬਲਾਕ ਸੰਮਤੀ, ਅਮਰਜੀਤ ਖੁੱਤਣ ਸਾਬਕਾ ਬਲਾਕ ਸੰਮਤੀ ਮੈਂਬਰ, ਮਨੋਜ ਚਾਚੋਕੀ, ਸੋਹਨ ਲਾਲ ਰਾਹੀ, ਰੂਪ ਲਾਲ ਭਬਿਆਣਾ, ਸਰਬਜੀਤ ਬੰਗਾ, ਗੁਰਮੇਲ ਸਿੰਘ, ਮਨਜੀਤ ਸਪਰੋੜ, ਜਸਵਿੰਦਰ ਪੰਡਵਾ, ਸੰਤੋਖ ਲਾਲ, ਬਿਸ਼ਨ ਲਾਲ, ਸੁਲੱਖਣ, ਕਾਲਾ, ਸਰਪੰਚ ਸਤਨਾਮ ਸਿੱਧੂ ਆਦਿ ਹਾਜਰ ਸਨ।

# ਰਣਧੀਰ ਸਿੰਘ ਬੇਨੀਵਾਲ ਬਣੇ ਬਸਪਾ ਪੰਜਾਬ-ਚੰਡੀਗੜ੍ਹ ਦੇ ਮੁੱਖ ਇੰਚਾਰਜ

**ਫਗਵਾੜਾ (ਰੱਤੂ)–** ਲੋਕਸਭਾ ਚੋਣਾਂ ਦੇ ਮੱਦੇਨਜ਼ਰ ਬਸਪਾ ਮੁਖੀ ਭੈਣ ਕੁਮਾਰੀ ਮਾਇਆਵਤੀ ਨੇ ਪੰਜਾਬ ਦੇ ਸੰਗਠਨ ਵਿੱਚ ਵੱਡਾ ਬਦਲਾਅ ਕੀਤਾ ਹੈ। ਇਸਦੇ ਤਹਿਤ ਰਣਧੀਰ ਸਿੰਘ ਬੇਨੀਵਾਲ ਨੂੰ ਬਸਪਾ ਦਾ ਪੰਜਾਬ ਤੇ ਚੰਡੀਗੜ ਦਾ ਮੁੱਖ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਇਹ ਨਿਯੁਕਤੀ ਡਾ. ਮੇਘਰਾਜ ਸਿੰਘ ਦੇ ਸਥਾਨ 'ਤੇ ਕੀਤੀ ਗਈ ਹੈ। ਡਾ. ਮੇਘਰਾਜ ਸਿੰਘ ਨੂੰ ਹਰਿਆਣਾ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਬਸਪਾ ਕੇਡਰ ਵਿੱਚ ਰਣਧੀਰ ਸਿੰਘ ਬੇਨੀਵਾਲ ਮਜ਼ਬੂਤ ਸੰਗਠਨਕਰਤਾ ਮੰਨੇ ਜਾਂਦੇ ਹਨ ਅਤੇ ਪਿਛਲੇ ਕਰੀਬ ਡੇਢ ਸਾਲ ਤੋਂ ਪੰਜਾਬ ਵਿੱਚ ਲਗਾਤਾਰ ਸੰਗਠਨ ਦਾ ਕੰਮ ਦੇਖ ਰਹੇ ਹਨ। ਰਣਧੀਰ ਸਿੰਘ ਬੇਨੀਵਾਲ ਨੇ ਮੀਡੀਆ ਨਾਲ ਗੱਲਬਾਤ ਵਿੱਚ ਕਿਹਾ ਕਿ ਭੈਣ ਕੁਮਾਰੀ ਮਾਇਆਵਤੀ ਵੱਲੋਂ ਉਨ੍ਹਾਂ ਨੂੰ ਪੰਜਾਬ ਤੇ ਚੰਡੀਗੜ ਦੀ ਜੋ ਜ਼ਿੰਮੇਵਾਰੀ ਦਿੱਤੀ ਗਈ ਹੈ, ਉਸਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਪੰਜਾਬ ਤੋਂ ਬਸਪਾ ਨੂੰ ਲੋਕਸਭਾ ਸੀਟਾਂ ਜਿਤਾ ਕੇ ਭੈਣ ਜੀ ਨੂੰ ਪ੍ਰਧਾਨ ਮੰਤਰੀ ਬਣਾਉਣ ਦਾ ਕੰਮ ਕਰਾਂਗੇ।



ਪੰਜਾਬ ਵਿੱਚ ਹੋਰ ਰਾਜਨੀਤਿਕ ਪਾਰਟੀਆਂ ਨਾਲ ਗੱਠਜੋੜ ਦੇ ਸਬੰਧ ਵਿੱਚ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਰਣਧੀਰ ਸਿੰਘ ਬੇਨੀਵਾਲ ਨੇ ਕਿਹਾ ਕਿ ਇਸ ਸਬੰਧ ਵਿੱਚ ਉਨ੍ਹਾਂ ਦੀਆਂ ਲਗਾਤਾਰ ਮੀਟਿੰਗਾਂ ਹੋ ਰਹੀਆਂ ਹਨ ਅਤੇ ਸੰਭਾਵਿਤ ਹੈ ਕਿ ਦੂਜੀਆਂ ਪਾਰਟੀਆਂ ਦੇ ਨਾਲ ਗੱਠਜੋੜ ਨੂੰ ਛੇਤੀ ਹੀ ਅੰਤਮ ਰੂਪ ਦੇ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਲੋਕਸਭਾ ਚੋਣਾਂ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ ਅਤੇ ਇਸ ਸਬੰਧ ਵਿੱਚ ਸਾਰੇ ਵਿਧਾਨਸਭਾ ਖੇਤਰਾਂ ਵਿੱਚ ਮੀਟਿੰਗਾਂ ਕਰਨ ਦਾ ਪ੍ਰੋਗਰਾਮ ਤਿਆਰ ਕੀਤਾ ਗਿਆ ਹੈ। ਬਸਪਾ ਪੰਜਾਬ ਭਰ ਵਿੱਚ ਸੰਗਠਨ ਨੂੰ ਮਜ਼ਬੂਤ ਕਰਨ ਵਿੱਚ ਲੱਗੀ ਹੋਈ ਹੈ, ਤਾਂਕਿ ਸੰਗਠਨ ਦੇ ਦਮ 'ਤੇ ਲੋਕਸਭਾ ਚੋਣਾਂ ਵਿੱਚ ਜਿੱਤ ਹਾਸਲ ਕੀਤੀ ਜਾ ਸਕੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਪਾਰਟੀ ਦੇ ਸਾਰੇ ਵਰਕਰਾਂ ਨੂੰ ਸੰਗਠਨ ਵਿੱਚ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਦੇਸ਼ ਭਰ ਵਿੱਚ ਭੈਣ ਜੀ ਦੇ ਸਮਰਥਨ ਵਿੱਚ ਲਹਿਰ ਚੱਲ ਰਹੀ ਹੈ, ਉਸੇ ਤਰ੍ਹਾਂ ਪੰਜਾਬ ਵਿੱਚ ਵੀ ਮਾਹੌਲ ਬਣ ਰਿਹਾ ਹੈ।


# ਮਿਸ਼ਨਰੀ ਗਾਇਕ ਵਿੱਕੀ ਬਹਾਦਰਕੇ ਦੇ ਸਿੰਗਲ ਟਰੈਕ 'ਪੜ੍ਹੋ, ਜੁੜੋ ਸੰਘਰਸ਼ ਕਰੋ' ਦਾ ਪੋਸਟਰ ਰਿਲੀਜ਼

**ਫਗਵਾੜਾ (ਰੱਤੂ)–** ਇੰਟਰਨੈਸ਼ਨਲ ਪ੍ਰਸਿੱਧੀ ਪ੍ਰਾਪਤ ਮਿਸ਼ਨਰੀ ਗਾਇਕ ਵਿੱਕੀ ਬਹਾਦਰਕੇ ਦਾ ਸਿੰਗਲ ਟਰੈਕ 'ਪੜ੍ਹੋ ਜੁੜੋ ਸੰਘਰਸ਼ ਕਰੋ' ਦਾ ਪੋਸਟਰ ਰਿਲੀਜ਼ ਕੀਤਾ ਗਿਆ। ਇਸ ਮੌਕੇ ਗਾਇਕ ਵਿੱਕੀ ਬਹਾਦਰਕੇ ਨੇ ਗੱਲਬਾਤ ਕਰਦਿਆਂ ਦੱਸਿਆ ਇਸ ਸਿੰਗਲ ਟਰੈਕ ਗੀਤ ਦੇ ਬੋਲ ਜਸਵਿੰਦਰ ਰਈਆ ਵਲੋਂ ਲਿਖੇ ਗਏ ਹਨ ਜਦਕਿ ਸੰਗੀਤ ਜਗਤਾਰ ਸਿੰਘ ਨੇ ਦਿੱਤਾ ਹੈ। ਇਸ ਦੇ ਨਿਰਮਾਤਾ ਰਣਜੀਤ ਮਾਹੀ ਹਨ। ਇਹ ਸਿੰਗਲ ਟਰੈਕ ਸ੍ਰੀ ਗੁਰੂ ਰਵਿਦਾਸ ਦਰਬਾਰ ਕਰੋਪੀ ਗਰੀਸ ਅਤੇ ਸਾਉਂਡਵੇਵਜ਼ ਮਿਊਜ਼ਿਕ ਕੰਪਨੀ ਦੀ ਪੇਸ਼ਕਸ਼ ਹੈ। ਉਹਨਾਂ



ਦੱਸਿਆ ਕਿ ਇਸ ਗੀਤ ਨੂੰ ਤਿਆਰ ਕਰਨ ਵਿਚ ਡਾ. ਰਣਜੀਤ ਰਾਣਾ, ਮਲਕੀਤ ਬਬੇਲੀ ਅਤੇ ਅਮਨ ਕੁਮਾਰ ਦਾ ਵਿਸ਼ੇਸ਼ ਸਹਿਯੋਗ ਰਿਹਾ। ਗੀਤ ਦੀ ਵੀਡੀਓ ਸੀ.ਐਮ.ਟੀ. ਸਟੂਡਿਓ ਰੰਧਾਵਾ ਅਤੇ ਰਾਏ ਫਿਲਮ ਪ੍ਰੋਡਕਸ਼ਨ ਵਲੋਂ ਤਿਆਰ ਕੀਤੀ ਗਈ ਹੈ। ਵਿੱਕੀ ਬਹਾਦਰਕੇ ਅਨੁਸਾਰ ਇਸ ਸਿੰਗਲ ਟਰੈਕ ਦੇ ਪ੍ਰੋਮੋ ਨੂੰ ਸਰੋਤਿਆਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਬਹੁਤ ਜਲਦੀ ਇਹ ਗੀਤ ਵੱਖ ਵੱਖ ਚੈਨਲਾਂ ਦਾ ਸ਼ਿੰਗਾਰ ਬਣੇਗਾ। ਉਹਨਾਂ ਦੱਸਿਆ ਕਿ 19 ਫਰਵਰੀ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰੂ ਸਾਹਿਬ ਅਤੇ ਬਾਬਾ ਸਾਹਿਬ ਦੇ ਮਿਸ਼ਨ ਨੂੰ ਸਮਰਪਿਤ ਹੋਰ ਵੀ ਧਾਰਮਿਕ ਟਰੈਕ ਰਿਲੀਜ਼ ਕੀਤੇ ਜਾਣਗੇ। ਇਸ ਮੌਕੇ ਅੰਬੇਡਕਰ ਸੈਨਾ ਆਗੂ ਕਮਲ ਲੱਖਪੁਰ, ਬਸਪਾ ਆਗੂ ਬਲਵਿੰਦਰ ਅੰਬੇਡਕਰੀ, ਤਰਸੇਮ ਚੁੰਬਰ, ਬਲਵਿੰਦਰ ਬੁੱਗਾ, ਐਡਵੋਕੇਟ ਇੰਦਰਜੀਤ, ਹਰਜਿੰਦਰ ਲੱਧੜ, ਸਰਵਣ ਠੇਕੇਦਾਰ, ਰਾਜਕੁਮਾਰ ਕੌਲ, ਬੀ.ਕੇ. ਰੱਤੂ, ਬਿੱਲਾ ਹੀਰ, ਕੁਲਵਿੰਦਰ ਬੈਂਸ ਆਦਿ ਹਾਜਰ ਸਨ।






ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ **642ਵਾਂ ਪ੍ਰਕਾਸ਼ ਦਿਹਾੜਾ ਮਿਤੀ 18 ਫਰਵਰੀ 2019** ਦਿਨ ਸੋਮਵਾਰ ਨੂੰ ਸ਼ਾਮ 5:30 ਤੋਂ ਰਾਤ 12.30 ਵਜੇ ਤੱਕ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਜੀ। 18 ਫਰਵਰੀ ਦਿਨ ਸੋਮਵਾਰ ਨੂੰ ਸ਼ਾਮ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ ਜੀ, ਜਿਸ ਵਿਚ ਭਾਈ ਪ੍ਰਿਤਪਾਲ ਸਿੰਘ ਜੀ ਹਜੂਰੀ ਜਥਾ, ਭਾਈ ਦਰਸ਼ਨ ਸਿੰਘ ਜੀ, ਢਾਡੀ ਜਥਾ ਲਖਵਿੰਦਰ ਸਿੰਘ ਸੋਹਲ ਜੀ, ਪੰਜਾਬ ਦੀ ਮਸ਼ਹੂਰ ਆਵਾਜ਼ ਬੀਬੀ ਅੰਮ੍ਰਿਤਾ ਵਿਰਕ ਹਰਿ ਜਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਜੀ।

ਸੇਵਾ ਪਰਿਵਾਰਾਂ ਵਲੋ ਆਪ ਸਭ ਨੂੰ ਬੇਨਤੀ ਹੈ ਕਿ ਇਸ ਸ਼ੁੱਭ ਮੌਕੇ ਤੇ ਹਾਜਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਵੱਲੋਂ: ਸੇਵਾ ਪਰਿਵਾਰ**

ਦਲਵਿੰਦਰ ਰੱਲ੍ਹ (ਪ੍ਰਧਾਨ) 530-933-3938
ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸਕੱਤਰ) 530-713-1823
ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-682-3612
ਸ੍ਰੀ ਪ੍ਰਸ਼ੋਤਮ ਸੂਦ (ਚੇਅਰਮੈਨ) 530-845-4508
ਸ੍ਰੀ ਜਸਪਾਲ ਜੱਸਲ (ਵਾਈਸ ਕੈਸ਼ੀਅਰ) 510-894-9653
ਵਿਜੇ ਸਰੋਆ (ਟਰੱਸਟੀ)



SHRI GURU RAVIDASS TEMPLE 1480 HAYNE AVE YUBA CITY CA 95993



# L.A. MERCHANDISE

**Whole Sale +Retail**

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

ਕੁਈਨ ਸਾਈਜ਼ ਬਲੈਂਕਟ $ 18.99 ਦਾ (+Tax)
5 ਬਲੈਂਕਟ ਖਰੀਦਣ ਤੇ 1 ਬਲੈਂਕਟ ਫਰੀ







New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Loose Fabrics, Groceries, Blankets, Vegetables

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ




ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99



Bio Bidet Elite 2 $ 39.99+ Tax



ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ


ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ



Baksho Kaur Bisla Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

- ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
- ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
- ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
- ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।



ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free



# Chicago's Pizza with a Twist






Parvinder Dhesi



Kulwant Sandhu

1471 B St., Unit B, Livingston, CA 95334

# ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ 19ਵੇ ਮਹਾਨ ਨਗਰ ਕੀਰਤਨ ਨੂੰ ਸਮਰਪਿਤ ਅਖੰਡ ਪਾਠਾਂ ਦੀ ਲੜੀ ਦੀ ਸੇਵਾ ਟੱਰਕਾਂ ਵਾਲੇ ਵੀਰਾਂ ਵੱਲੋਂ ਕੀਤੀ ਗਈ










ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਸ੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਵਿੱਚ ਅੱਠਵੇਂ ਅਖੰਡ ਪਾਠ ਸਾਹਿਬ ਦੀ ਸੇਵਾ ਗੁਰੂਘਰ ਦੇ ਸੇਵਾਦਾਰ ਟਰੱਕ ਡਰਾਇਵਰ ਵੀਰਾਂ ਅਤੇ ਸਮੂੰਹ ਸੰਗਤਾਂ ਵਲੋਂ ਹੋਈ। ਧੁਰ ਕੀ ਬਾਣੀ ਦੇ ਆਰੰਭ ਸ਼ੁੱਕਰਵਾਰ, 8 ਫਰਵਰੀ ਹੋਏ ਅਤੇ ਭੋਗ ਐਤਵਾਰ, 10 ਫਰਵਰੀ ਸਵੇਰ ਦੇ ਦਿਵਾਨਾ ਵਿੱਚ ਪਾਏ ਗਏ ਜੀ। ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਸੇਵਾਦਾਰਾਂ ਨੂੰ ਸਿਰੋਪਾਓ ਸਾਹਿਬ ਦੇ ਕੇ ਨਿਹਾਲ ਕੀਤਾ ਗਿਆ।

**(ਹੋਰ ਜਾਣਕਾਰੀ ਲਈ ਦੇਖੋ ਸਫਾ 7)**

# ਸ੍ਰੀ ਗੁਰੂ ਰਵਿਦਾਸ ਗੁਰੂ ਘਰ ਫਰਿਜ਼ਨੋ (ਸੀ.ਵੀ.) ਵਿਖੇ ਹਫਤਾਵਾਰੀ ਸਮਾਗਮ ਧੂਮ-ਧਾਮ ਨਾਲ ਮਨਾਇਆ

**ਫਰਿਜ਼ਨੋ–** ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ 19 ਫਰਵਰੀ 2019 ਦਿਨ ਐਤਵਾਰ ਨੂੰ ਹਫਤਾਵਾਰੀ ਸਮਾਗਮ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਫਰਿਜ਼ਨੋ ਵਿਖੇ ਧੂੰਮ ਧਾਮ ਨਾਲ ਮਨਾਇਆ ਗਿਆ। ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਗੁਰੂ ਘਰ ਦੇ ਸਤਿਕਾਰਯੋਗ ਵਜ਼ੀਰ ਭਾਈ ਰਾਮ ਸਿੰਘ ਜੀ ਨੇ ਸਰਬੱਤ ਦੇ ਭਲੇ ਲਈ ਅਰਦਸ ਕੀਤੀ। ਉਪਰੰਤ ਕੀਰਤਨ ਦੀਵਾਨ ਸਜਾਏ ਗਏ।

ਇਸ ਤੋਂ ਬਾਅਦ ਭਾਈ ਰਾਮ ਸਿੰਘ ਜੀ ਨੇ ਆਪਣੇ ਵਿਚਾਰਾਂ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇਹਨਾਂ ਤੋਂ ਬਾਅਦ ਗੁਰੂ ਘਰ ਦੇ ਕੀਰਤਨੀਏ ਸਤਿਕਾਰਯੋਗ ਭਾਈ ਹਰਬਲਾਸ ਸਿੰਘ ਜੀ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਪਿਆਰਾ ਸਿੰਘ ਬਿਰਦੀ ਅਤੇ ਸ੍ਰੀ ਰਾਜ ਬਰਾੜ ਨੇ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਗੁਰਬਾਣੀ ਬਾਰੇ ਜਾਣਕਾਰੀ ਦਿੱਤੀ।

ਅੱਜ ਦੇ ਸਮਾਗਮ ਵਿਚ ਗੁਰੂ ਘਰ ਦੇ ਸੇਵਾਦਾਰ ਸਾਬਕਾ ਪ੍ਰਧਾਨ/ਚੇਅਰਮੈਨ ਸ. ਕਰਮ ਸਿੰਘ ਬੰਗੜ ਅਤੇ ਬੀਬੀ ਹਰਬੰਸ ਕੌਰ ਬੰਗੜ ਵੱਲੋਂ ਆਪਣੀ ਪਿਆਰ ਪੋਤਰੀ ਆਲੀਆ ਬੰਗੜ ਸਪੁੱਤਰੀ ਸ੍ਰੀ ਮਨਦੀਪ ਬੰਗੜ ਅਤੇ ਆਸ਼ਾ ਉਜਗਰ ਬੰਗੜ ਦੇ ਜਨਮ ਦਿਨ ਅਤੇ ਉਸਦੇ ਪਹਿਲ ਵਾਰ ਗੁਰੂ ਘਰ ਵਿਖੇ ਨਤਮਸਤਕ ਹੋਣ ਅਤੇ ਨੰਨੀ ਬੱਚੀ ਅਤੇ ਪਰਿਵਾਰ ਦੀ ਸੁੱਖ-ਸ਼ਾਂਤੀ ਲਈ ਅਰਦਾਸ ਕੀਤੀ। ਅੱਜ ਦੇ ਸਾਰੇ ਪ੍ਰੋਗਰਾਮਾਂ ਦੀ ਸੇਵਾ ਬੰਗੜ ਪਰਿਵਾਰ ਵੱਲੋਂ ਨਿਭਾਈ ਗਈ ਜਿਵੇਂ ਕਿ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਭੇਟਾ, ਲੰਗਰ ਦੀ ਸੇਵਾ ਅਤੇ ਕੀਤਰਨ ਆਦਿ ਦੀ ਭੇਟਾ ਇਸ ਪਰਿਵਾਰ ਵੱਲੋਂ ਕੀਤੀ ਗਈ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਬੰਗੜ ਪਰਿਵਾਰ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਭਾਈ ਰਾਮ ਸਿੰਘ ਜੀ ਵੱਲੋਂ ਨੰਨੀ ਬੱਚੀ ਆਲੀਆ ਬੰਗੜ ਨੂੰ ਆਸ਼ੀਰਵਾਦ ਦਿੰਦੇ ਹੋਏ ਲੰਮੀ ਉਮਰ, ਤੰਦਰੁਸਤੀ, ਵਿੱਦਿਆ, ਸਮਾਜ ਦੀ ਸੇਵਾ ਆਦਿ ਦੀ ਕਾਮਨਾ ਕੀਤੀ। ਸਮੂਹ ਬੰਗੜ ਪਰਿਵਾਰ ਨੂੰ ਵਧਾਈ ਅਤੇ ਧੰਨਵਾਦ ਕੀਤਾ ਗਿਆ।

ਧੰਨ ਧੰਨ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 642ਵੇਂ ਪ੍ਰਕਾਸ਼ ਉਤਸਵ, ਜੋ ਕਿ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਮਿਤੀ 1, 2 ਅਤੇ 3 ਮਾਰਚ ਨੂੰ ਇਸ ਗੁਰੂ ਘਰ ਵਿਖੇ ਮਨਾਉਣ ਸਬੰਧੀ ਸਾਰੀ ਜਾਣਕਾਰੀ ਸੰਗਤ ਨਾਲ ਸਾਂਝੀ ਕੀਤੀ ਗਈ।

ਸੰਗਤਾਂ ਨੂੰ ਆਪਣੇ ਤਨ, ਮਨ, ਧਨ ਨਾਲ ਸੇਵਾ ਕਰਨ ਦੀ ਬੇਨਤੀ ਕੀਤੀ ਗਈ। ਇਸ ਮਹਾਨ ਪ੍ਰਕਾਸ਼ ਉਤਸਕ ਤੇ ਸਮੂਹ ਸੰਗਤ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ ਅਤੇ ਹੋਰ ਦੋਸਤਾਂ ਨੂੰ ਲੈ ਕੇ ਗੁਰੂ ਘਰ ਪਹੁੰਚ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।







# 'ਮਜ਼ਹਬ ਹੀ ਸਿਖਾਤਾ ਹੈ ਆਪਸ ਮੇਂ ਵੈਰ ਰੱਖਨਾ'

ਮਜ਼ਹਬ ਨਹੀਂ ਸਿਖਾਤਾ, ਆਪਸ ਮੇਂ ਵੈਰ ਰੱਖਨਾ।
ਹਿੰਦੀ ਹੈਂ ਹਮ ਵਤਨ ਹੈ, ਹਿੰਦੋਸਤਾਂ ਹਮਾਰਾ।
ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ।

ਉਕਤ ਕਾਵਿਕ ਸੱਤਰਾਂ 'ਸਾਰੇ ਜਹਾਂ ਸੇ ਅੱਛਾ' ਜਾਂ 'ਤਰਾਨਾ-ਏ-ਹਿੰਦੀ' ਉਰਦੂ ਤੇ ਫਾਰਸੀ ਦੇ ਮਸ਼ਹੂਰ ਸ਼ਾਇਰ ਡਾ. ਮੁਹੰਮਦ ਇਕਬਾਲ ਦੀ ਲਿਖੀ ਹੋਈ ਇਕ ਦੇਸ਼ ਪ੍ਰੇਮ ਦੀ 'ਗਜ਼ਲ' ਦੀਆਂ ਹਨ। ਉਨ੍ਹਾਂ ਦੀ ਇਹ ਰਚਨਾ 'ਬੰਗ-ਏ-ਦਾਰਾ' 'ਚ ਦਰਜ ਹੈ। ਇਹ ਗਜ਼ਲ ਭਾਰਤੀ ਸੁਤੰਤਰਤਾ ਸੰਗਰਾਮ ਦੇ ਦੌਰਾਨ 'ਅੰਗਰੇਜ਼ੀ ਹਕੂਮਤ' ਦੇ ਵਿਰੋਧ ਦਾ ਪ੍ਰਤੀਕ ਬਣ ਗਈ ਸੀ। ਇਸ ਨੂੰ ਅੱਜ ਵੀ ਦੇਸ਼-ਭਗਤੀ ਦੇ ਗੀਤ ਦੇ ਰੂਪ 'ਚ ਭਾਰਤ 'ਚ ਗਾਇਆ ਜਾਂਦਾ ਹੈ। ਇਸ ਗਜ਼ਲ ਨੂੰ ਅਣਅਧਿਕਾਰਤ ਤੌਰ 'ਤੇ ਭਾਰਤ ਦਾ ਰਾਸ਼ਟਰੀ ਗੀਤ ਹੋਣ ਦਾ ਦਰਜਾ ਪ੍ਰਾਪਤ ਹੈ। ਇਹ ਗਜ਼ਲ ਹਿੰਦੋਸਤਾਨ ਦੀ ਤਾਰੀਫ਼ 'ਚ ਲਿਖੀ ਗਈ ਹੈ ਤੇ ਇਹ ਗਜ਼ਲ ਅਲੱਗ-ਅਲੱਗ ਵਰਗਾਂ 'ਚ ਭਾਈਚਾਰਕ ਪਿਆਰ ਦੀ ਭਾਵਨਾ ਨੂੰ ਵਧਾਉਣ ਦੀ ਪ੍ਰੇਰਨਾ ਦਿੰਦੀ ਹੈ।

ਡਾ. ਇਕਬਾਲ ਦੇ ਗੀਤ ਦੀਆਂ ਉਕਤ ਸੱਤਰਾਂ ਉਨ੍ਹਾਂ ਦੀ ਲਿਖੀ ਗਜ਼ਲ ਦੀਆਂ ਸਭ ਤੋਂ ਮਕਬੂਲ ਤੇ ਪ੍ਰਸਿੱਧ ਸੱਤਰਾਂ ਹਨ, ਜਿਹਨਾਂ ਦਾ ਅਰਥ ਹੈ ਕਿ ਸੰਸਾਰ ਦਾ ਕੋਈ ਵੀ ਧਰਮ ਜਾਂ ਮਜ਼ਹਬ ਸਾਨੂੰ ਆਪਸ 'ਚ ਕਿਸੇ ਵੀ ਮਾਨਵ ਨਾਲ ਵੈਰ-ਵਿਰੋਧ ਕਰਨ ਦੀ ਸਿੱਖਿਆ ਨਹੀਂ ਦਿੰਦਾ, ਭਾਵ ਸਾਨੂੰ ਸਮੁੱਚੀ ਮਾਨਵਤਾ ਨਾਲ ਵੈਰ-ਵਿਰੋਧ ਦੀ ਭਾਵਨਾ ਛੱਡ ਕੇ ਪਿਆਰ ਕਰਨ ਦੀ ਪ੍ਰੇਰਨਾ ਦਿੰਦਾ ਹੈ। ਅਸੀਂ ਸਾਰੇ ਲੋਕ ਹਿੰਦੋਸਤਾਨੀ ਹਾਂ ਤੇ ਹਿੰਦੋਸਤਾਨ ਸਾਡਾ ਦੇਸ਼ ਹੈ। ਇਸ ਲਈ ਸਾਨੂੰ ਸਾਡਾ ਦੇਸ਼ ਭਾਰਤ (ਹਿੰਦੋਸਤਾਨ) ਸਾਰੀ ਦੁਨੀਆਂ ਤੋਂ ਅੱਛਾ ਲੱਗਦਾ ਹੈ। ਡਾ. ਮੁਹੰਮਦ ਇਕਬਾਲ ਦੇ ਇਸ ਗੀਤ 'ਚੋਂ ਸਾਨੂੰ ਅੰਤਰ ਰਾਸ਼ਟਰੀ ਮਾਨਵਵਾਦੀ ਝਲਕ ਨਜ਼ਰ ਆਉਂਦੀ ਹੈ ਪਰ ਅਜੋਕੇ ਸਮੇਂ 'ਚ ਉਗਰਵਾਦ ਨੇ ਜੋ ਹਾਲਾਤ ਪੈਦਾ ਕਰ ਦਿੱਤੇ ਹਨ, ਉਸ ਤੋਂ ਤਾਂ ਇਹੀ ਪਤਾ ਲੱਗਦਾ ਹੈ ਕਿ ਜਿਵੇਂ ''ਮਜ਼ਹਬੀ ਕੱਟੜਵਾਦ ਹੀ ਇਸ ਤੋਂ ਪ੍ਰਭਾਵਿਤ ਹੋਇਆ ਲੱਗਦਾ ਹੈ''। ਮਜ਼ਹਬ ਜਾਂ ਧਰਮ 'ਚੋਂ ਦੋ ਤਰ੍ਹਾਂ ਦੇ ਲੋਕਾਂ ਦੀ ਉਪਜ ਹੁੰਦੀ ਹੈ। ਇਕ ਅਜਿਹੇ ਲੋਕ ਹਨ ਜੋ ਉਦਾਰਵਾਦੀ ਹਨ ਤੇ ਦੁਨੀਆਂ ਦੇ ਸਾਰੇ ਲੋਕਾਂ ਨੂੰ ਬੜੀ ਸਦਭਾਵਨਾ ਤੇ ਪਿਆਰ ਦੇ ਨਜ਼ਰੀਏ ਨਾਲ ਦੇਖਦੇ ਹਨ ਤੇ ਉਹ ਕਿਸੇ ਵੈਰ-ਵਿਰੋਧ ਤੇ ਨਫ਼ਰਤ ਦੀ ਭਾਵਨਾ ਨਹੀਂ ਰੱਖਦੇ। ਦੂਸਰੀ ਕਿਸਮ ਦੇ ਉਹ ਲੋਕ ਹਨ ਜੋ ਤੁਹਾਨੂੰ ਸੰਸਾਰ ਦੇ ਸਾਰੇ ਧਰਮਾਂ 'ਚ ਨਜ਼ਰ ਆਉਣਗੇ। ਉਹ ਹਨ, ਉਸ ਧਰਮ ਦੇ ਕੱਟੜਵਾਦੀ ਲੋਕ ਜੋ ਆਪਣੀ ਨਿੱਜਤਾ ਤੇ ਮੁਫਾਜ਼ਾਂ ਦੇ ਕਾਰਨ ਇੰਨੇ ਕੱਟੜ ਹਨ ਕਿ ਸਿਰਫ਼ ਆਪਣੇ ਧਰਮ ਨੂੰ ਹੀ ਚੰਗਾ ਸਮਝਦੇ ਹਨ ਤੇ ਦੂਸਰੇ ਧਰਮਾਂ ਨੂੰ ਨਫ਼ਰਤ ਦੀ ਨਜ਼ਰ ਨਾਲ ਦੇਖਦੇ ਤੇ ਉਨ੍ਹਾਂ ਦੀ ਆਲੋਚਨਾ ਕਰਦੇ ਹਨ ਤੇ ਆਪਣੇ ਧਰਮ ਨੂੰ ਹੀ ਸੰਸਾਰ ਪੱਧਰ 'ਤੇ ਦੇਖਣਾ ਚਾਹੁੰਦੇ ਹਨ ਤੇ ਉਸ ਦਾ ਵਿਸਥਾਰ ਕਰਨਾ ਚਾਹੁੰਦੇ ਹਨ ਤੇ ਦੂਸਰੇ ਧਰਮਾਂ ਦਾ, ਤਸ਼ੱਦਦ ਤੇ ਧੱਕੇ ਨਾਲ ਖਾਤਮਾ ਕਰਨ ਦੀ ਇੱਛਾ ਪਾਲਦੇ ਹਨ।

ਭਾਰਤ ਦਾ ਸੰਵਿਧਾਨ 'ਅਨੇਕਤਾ 'ਚ ਏਕਤਾ' ਦੀ ਗੱਲ ਕਰਦਾ ਹੈ ਕਿਉਂਕਿ ਭਾਰਤ ਇਕ ਵਿਸ਼ਾਲ ਲੋਕਰਾਜੀ ਦੇਸ਼ ਹੈ। ਇਸ 'ਚ ਅਨੇਕਾਂ ਧਰਮਾਂ ਦੇ ਲੋਕ ਰਹਿੰਦੇ ਹਨ। ਉਹਨਾਂ ਦੀ ਆਪਣੇ-ਆਪਣੇ ਖਿੱਤੇ ਦੀ ਆਪਣੀ-ਆਪਣੀ ਬੋਲੀ ਹੈ ਤੇ ਉਨ੍ਹਾਂ ਦੇ ਆਪਣੇ-ਆਪਣੇ ਹੀ ਸੱਭਿਆਚਾਰ ਹਨ। ਇਸ ਤਰ੍ਹਾਂ ਦੀ ਅਨੇਕਤਾ ਹੋਣ ਦੇ ਬਾਵਜੂਦ ਵੀ ਉਨ੍ਹਾਂ 'ਚ ਏਕਤਾ ਹੈ ਤੇ ਉਹ ਸਾਰੇ ਭਾਰਤੀ ਨਾਗਰਿਕ ਹਨ, ਉਹਨਾਂ ਦੀ ਆਸਥਾ ਭਾਰਤ ਦੇ ਸੰਵਿਧਾਨ 'ਚ ਬੜੀ ਦ੍ਰਿੜ੍ਹ ਹੈ ਪਰ ਕੁਝ ਗਿਣਤੀ 'ਚ ਕੱਟੜਪੰਥੀ ਇਕ ਫਿਰਕੇ ਦੇ ਲੋਕ, ਇਸ ਸੰਵਿਧਾਨਕ ਅਨੇਕਤਾ ਨੂੰ ਖਤਮ ਕਰਕੇ ਇਕੋ ਭਗਵੇਂ ਰੰਗ 'ਚ ਰੰਗਣ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਇਸ ਅਨੇਕਤਾ ਨੂੰ ਆਪਣੇ ਰਾਹ 'ਚ ਰੋੜਾ ਸਮਝ ਕੇ ਮਨੁੱਖੀ ਕਦਰਾਂ-ਕੀਮਤਾਂ, ਮਨੁੱਖੀ ਅਣਖ ਤੇ ਗੌਰਵ ਤੇ ਆਜ਼ਾਦੀ ਦੀ ਗੱਲ ਕਰਨ ਵਾਲੇ ਉੱਘੇ ਚਿੰਤਕਾਂ ਤੇ ਬਜ਼ੁਰਗ ਬੁੱਧੀਜੀਵੀ, ਪ੍ਰੋ. ਐਮ. ਐਸ. ਕੁਲਬਰਗੀ ਨੂੰ ਕਰਨਾਟਕ ਵਿਖੇ ਉਸ ਦੇ ਘਰ ਜਾ ਕੇ ਦੋ ਕੱਟੜਪੰਥੀ ਅਣਪਛਾਤੇ ਧਾੜਵੀਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਇਸੇ ਹੀ ਤਰ੍ਹਾਂ ਨਰਿੰਦਰ ਦਾਬੋਲਕਰ ਤੇ ਗੋਬਿੰਦ ਪੰਸਰੇ ਜੋ ਕਿ ਮਹਾਰਾਸ਼ਟਰ ਦੇ ਨਿਵਾਸੀ ਸਨ, ਨੂੰ ਵੀ ਮਜ਼ਹਬੀ ਕੱਟੜਵਾਦੀਆਂ ਨੇ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ। ਪਿਛਲੇ ਸਾਲ ਇਸੇ ਹੀ ਤਰਾਂ ਦਾ ਇਕ ਹੋਰ ਕਤਲ ਉਤਰ ਪ੍ਰਦੇਸ਼ ਦੇ ਦਾਦਰੀ ਇਲਾਕੇ ਦੇ ਬੀਸਰਾ ਪਿੰਡ ਦੇ ਇਕ ਲੁਹਾਰ, ਮੁਹੰਮਦ ਅਖਲਾਕ ਨੂੰ ਗਾਂ ਦਾ ਮਾਸ ਖਾਣ ਕਰਕੇ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ।

ਇਸੇ ਸਾਲ ਮਾਰਚ ਮਹੀਨੇ 'ਚ ਯਮਨ ਦੇਸ਼ 'ਚ ਆਈ. ਐਸ. ਕੱਟੜਪੰਥੀ ਅੱਤਵਾਦੀ ਸੰਗਠਨ ਨੇ ਭਾਰਤੀ ਪਾਦਰੀ ਰੇਵਰ ਐਂਡ ਥਾਮਸ ਉਜੁਨਨਾਲਿਲ ਦੀ ਬੜੇ ਜ਼ਾਲਮਾਨਾ ਤਰੀਕੇ ਨਾਲ ਤਸੀਹੇ ਦੇ ਕੇ ਹੱਤਿਆ ਕਰ ਦਿੱਤੀ। ਅੱਤਵਾਦੀਆਂ ਨੇ ਗੁੱਡ ਫਰਾਈਡੇ ਵਾਲੇ ਦਿਨ ਯਮਨ 'ਚ ਉਹਨਾਂ ਨੂੰ ਸੂਲੀ 'ਤੇ ਟੰਗ ਦਿੱਤਾ। ਉਹਨਾਂ ਨੂੰ ਠੀਕ ਉਸੇ ਤਰ੍ਹਾਂ ਸੂਲੀ 'ਤੇ ਲਟਕਾਇਆ ਗਿਆ, ਜਿਸ ਤਰ੍ਹਾਂ ਈਸਾ ਮਸੀਹ ਨੂੰ ਰੋਮਨਾਂ ਨੇ ਲਟਕਾਇਆ ਸੀ। ਥਾਮਸ 56 ਸਾਲਾ ਇਕ ਕੈਥੋਲਿਕ ਪਾਦਰੀ ਸਨ ਤੇ ਉਹ ਕੇਰਲ ਦੇ ਕੋਟਾਯਮ ਦੇ ਰਾਮਾਪੁਰਮ ਦੇ ਰਹਿਣ ਵਾਲੇ ਸਨ। ਉਹ ਯਮਨ 'ਚ ਮਦਰ ਟਰੇਸਾ ਮਿਸ਼ਨਰੀਜ਼ ਦੇ ਚੈਰਿਟੀ ਲਈ ਕੰਮ ਕਰਦੇ ਸਨ। ਉਨ੍ਹਾਂ ਨੂੰ ਬਚਾਉਣ ਲਈ ਭਾਰਤ ਸਰਕਾਰ ਤੇ ਸੰਸਾਰ ਦੀਆਂ ਕਈ ਜਥੇਬੰਦੀਆਂ ਨੇ ਬੜੀਆਂ ਕੋਸ਼ਿਸ਼ਾਂ ਕੀਤੀਆਂ ਪਰ ਜ਼ਾਲਮ ਕੱਟੜਪੰਥੀਆਂ ਨੇ ਇਕ ਨਾ ਸੁਣੀ। ਇਸੇ ਹੀ ਤਰਜ਼ 'ਤੇ ਮੁੰਬਈ 'ਚ ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰ ਖੁਰਸ਼ੀਦ ਮਹਿਮੂਦ ਕਸੂਰੀ ਦੀ ਕਿਤਾਬ ਨੂੰ ਰਿਲੀਜ਼ ਕਰਨ ਲਈ ਰੱਖੇ ਗਏ ਸਮਾਗਮ 'ਚ, ਸਮਾਗਮ ਦੇ ਪ੍ਰਮੁੱਖ ਪ੍ਰਬੰਧਕ ਭਾਜਪਾ ਆਗੂ ਸ੍ਰੀ ਸੁਧੀਦਰ ਕੁਲਕਰਨੀ ਦੇ ਮੂੰਹ 'ਤੇ ਕਾਲਖ ਪੋਚ ਦਿੱਤੀ ਗਈ ਤੇ ਬੜੇ ਮੂਰਖਾਨਾ ਕੱਟੜਵਾਦ ਦਾ ਪ੍ਰਗਟਾਵਾ ਕੀਤਾ ਗਿਆ। ਦੇਸ਼ 'ਚ ਵਾਪਰ ਰਹੀਆਂ ਅਜਿਹੀਆਂ ਧਾਰਮਿਕ ਕੱਟੜਵਾਦੀ, ਅਸੱਭਿਆਚਾਰਕ ਘਟਨਾਵਾਂ ਦੇਸ਼ 'ਚ ਅਸਹਿਣਸ਼ੀਲਤਾ ਦਾ ਪ੍ਰਗਟਾਵਾ ਕਰਦੀਆਂ ਪ੍ਰਤੱਖ ਨਜ਼ਰ ਆਉਂਦੀਆਂ ਹਨ। ਇਸੇ ਤਰ੍ਹਾਂ ਹੀ ਦਲਿਤ ਵਿਰੋਧੀ ਘਟਨਾਵਾਂ ਵੀ ਦੇਸ਼ 'ਚ ਰੁਕਣ ਦਾ ਨਾਮ ਨਹੀਂ ਲੈ ਰਹੀਆਂ।

ਅਗਰ ਇੱਥੇ ਅੰਤਰ ਰਾਸ਼ਟਰੀ ਪੱਧਰ ਦੀ ਗੱਲ ਕਰੀਏ ਤਾਂ ਤੁਰਕੀ, ਬੈਰੂਤ, ਨਾਈਜੀਰੀਆ, ਪੈਰਿਸ ਆਦਿ ਤੇ ਦੁਨੀਆਂ ਦੇ ਕਈ ਦੇਸ਼ਾਂ 'ਚ ਕੱਟੜਪੰਥੀ ਧਾਰਮਿਕ ਸੰਗਠਨਾਂ ਦੇ ਘਿਨਾਉਣੇ ਹਮਲੇ ਕਿਸੇ ਖਾਸ ਭੂਗੋਲਿਕ ਖਿੱਤੇ ਜਾਂ ਦੇਸ਼ ਉਪਰ ਹਮਲੇ ਨਹੀਂ ਸਗੋਂ ਸਮੁੱਚੀ ਬੇਕਸੂਰ ਮਾਨਵਤਾ 'ਤੇ ਹਮਲੇ ਹਨ। ਇਹਨਾਂ ਹਮਲਿਆਂ ਦੀ ਜਿੰਨੀ ਵੀ ਹੋ ਸਕੇ ਨਿੰਦਾ ਕਰਨੀ ਤੇ ਇਸ ਮੁੱਦੇ 'ਤੇ ਇਕ ਮੱਤ ਹੋਣ ਦੀ ਜ਼ਰੂਰਤ ਹੈ।

ਅਜਿਹੇ ਧਾਰਮਿਕ ਕੱਟੜਪੰਥੀ ਲੋਕ ਜੋ ਅਜਿਹੀਆਂ ਅਣਮਨੁੱਖੀ ਤੇ ਹੈਵਾਨੀਅਤ ਦੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ। ਉਹ ਲੋਕ ਭਰਮ-ਭੁਲੇਖਿਆਂ ਦਾ ਸ਼ਿਕਾਰ ਜਾਪਦੇ ਹਨ ਕਿ ਸ਼ਾਇਦ ਉਹ ਕੋਈ ਪੁੰਨਾਰਥ ਜਾਂ ਕਿਸੇ ਧਾਰਮਿਕ ਮਰਿਆਦਾ ਦਾ ਫਰਜ਼ ਨਿਭਾਅ ਰਹੇ ਹੋਣ। ਉਨ੍ਹਾਂ ਨੂੰ ਧਰਮ ਤੇ ਸਹੀ ਅਰਥਾਂ ਦਾ ਭੋਰਾ ਵੀ ਗਿਆਨ ਨਹੀਂ ਲੱਗਦਾ ਤੇ ਉਹ ਧਰਮ ਦੇ ਯਥਾਰਥਵਾਦੀ ਗਿਆਨ ਤੋਂ ਕੋਹਾਂ ਦੂਰ ਤੇ ਸੱਖਣੇ ਹਨ। ਅਜਿਹੇ ਲੋਕ ਧਰਮ ਸਬੰਧੀ ਉਲਾਰ ਸੋਚ ਰੱਖਦੇ ਹਨ ਤੇ ਅਸਹਿਣਸ਼ੀਲਤਾ ਤੇ ਕੱਟੜਤਾ ਦਾ ਦਿਖਾਵਾ ਕਰਕੇ ਧਰਮ ਨੂੰ ਬਦਨਾਮ ਕਰਦੇ ਹਨ ਤੇ ਧਰਮ ਦੇ ਨਾਂ 'ਤੇ ਅਨੈਤਿਕਤਾ ਫੈਲਾਅ ਕੇ ਮਾਨਵੀ ਕਤਲੋਗਾਰਤ ਦੇ ਦੋਸ਼ੀ ਵੀ ਹਨ ਜੋ ਕਿ ਇਕ ਧਰਮ ਨਹੀਂ ਹੈ ਸਗੋਂ ਇਕ ਅਧਰਮ ਹੈ। ਉਹਨਾਂ ਦੀ ਇਨਸਾਨੀਅਤ 'ਤੇ ਕੀਤੀ ਜਾ ਰਹੀ ਬਰਬਰਤਾ ਨਾਲ, ਸਮਾਜ 'ਚ ਡਰ ਤੇ ਸਹਿਮ ਦਾ ਮਾਹੌਲ ਪੱਸਰ ਰਿਹਾ ਹੈ। ਅਜਿਹੇ ਹਾਲਾਤ 'ਚ ਲੋਕਾਂ ਨੂੰ ਧਰਮ ਦੇ ਸਹੀ ਅਰਥਾਂ ਨੂੰ ਸਮਝਾਉਣ ਦੀ ਬੜੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਅਗਰ ਇਸ ਲਈ ਕੋਈ ਸਾਰਥਿਕ ਕੋਸ਼ਿਸ਼ ਨਹੀਂ ਕੀਤੀ ਜਾਂਦੀ ਤਾਂ ਧਰਮ 'ਚੋਂ ਲੋਕਾਂ ਦਾ ਹੌਲੀ-ਹੌਲੀ ਵਿਸ਼ਵਾਸ ਖਤਮ ਹੋਣਾ ਯਕੀਨੀ ਹੈ।

ਭਾਰਤੀ ਧਾਰਮਿਕ ਦਰਸ਼ਨ 'ਚ ਨੈਤਿਕਤਾ ਜਾਂ ਸਦਾਚਾਰ ਨੂੰ ਧਰਮ 'ਚ ਪ੍ਰਥਮ ਸਿਧਾਂਤ ਮੰਨਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਇਸ ਸਿਧਾਂਤ ਦੀ ਪ੍ਰੋੜ੍ਹਤਾ ਇਸ ਤਰ੍ਹਾਂ ਕਰਦੇ ਹਨ- ''ਸਚਹੁ ਓਰੈ ਸਭੁ ਕੋ ਊਪਰਿ ਸਚੁ ਆਚਾਰ'' ਭਾਵ ਧਰਮ 'ਚ ਮਨੁੱਖ ਦਾ ਸਾਰਾ ਜ਼ੋਰ ਆਚਰਨ ਦੀ 'ਸੱਚਤਾ ਤੇ ਸੁੱਚਤਾ' 'ਤੇ ਹੀ ਨਿਰਭਰ ਕਰਦਾ ਹੈ। ਇਸ ਉਕਤ ਤੱਤ ਦੇ ਨਾਲ ਹੀ ਧਰਮ 'ਚ ਪ੍ਰਮਾਤਮਾ ਦੀ ਬੰਦਗੀ ਨੂੰ ਧਰਮ ਦਾ ਮੂਲ ਤੱਤ ਮੰਨਿਆ ਜਾਂਦਾ ਹੈ। ਆਤਮਕ ਪੱਖੋਂ ਧਰਮ ਇਕ ਰੂਹਾਨੀ ਰਹੱਸ ਹੀ ਹੈ, ਜਿਸ ਨੂੰ ਮਨੁੱਖ ਆਪਣੇ ਬਾਹਰਮੁਖੀ ਵਰਤਾਰੇ ਨਾਲ ਨਹੀਂ ਸਗੋਂ ਆਪਣੀ ਅੰਤਰਮੁਖੀ ਰਹੱਸਵਾਦੀ ਕਸੌਟੀ 'ਤੇ ਮਹਿਸੂਸ ਕਰਦਾ ਹੈ, ਜਿਵੇਂ:- ''ਇਕ ਗੂੰਗਾ ਮਨੁੱਖ, ਮਠਿਆਈ ਦੇ ਸਵਾਦ ਨੂੰ ਬੋਲ ਕੇ ਨਹੀਂ ਦੱਸ ਸਕਦਾ ਕਿ ਉਸ ਦਾ ਸੁਆਦ ਬਹੁਤ ਮਿੱਠਾ ਹੈ। ਉਹ ਸਿਰਫ਼ ਆਪਣੀ ਅੰਤਰ-ਆਤਮਾ ਦੀ ਕਸਵੱਟੀ 'ਤੇ ਹੀ ਮਠਿਆਈ ਦੇ ਮਿੱਠੇ ਸੁਆਦ ਨੂੰ ਮਹਿਸੂਸ ਕਰਦਾ ਹੈ।'' ਇਸੇ ਲਈ ਹੀ ਭਾਰਤੀ ਦਰਸ਼ਨ 'ਚ ਜਿੱਥੇ ਧਰਮ ਸਾਡੀ ਨੈਤਿਕਤਾ ਨਾਲ ਜੁੜਿਆ ਹੋਇਆ ਹੈ, ਉਥੇ ਨਾਲ ਹੀ ਇਸ ਦਾ ਸਾਡੀ ਰੂਹਾਨੀਅਤ ਤੇ ਅੰਤਰ-ਆਤਮਾ ਦੇ ਅਨੁਭਵ ਨਾਲ ਵੀ ਗੂੜ੍ਹਾ ਸਬੰਧ ਹੈ। ਇਸ ਲਈ ਧਰਮ ਦਾ ਅਹਿਸਾਸ ਸਾਡੀ ਬਾਹਰਮੁਖੀ ਸੋਚ ਜਾਂ ਅਨੁਭਵ ਨਾਲ ਨਹੀਂ ਹੈ ਸਗੋਂ ਇਸ ਦਾ, ਸਾਰੇ ਦਾ ਸਾਰਾ ਸਬੰਧ ਸਾਡੀ ਅੰਤਰਮੁਖੀ ਸੋਚ ਨਾਲ ਜੁੜਿਆ ਹੋਇਆ ਹੈ।

ਮਾਨਵਤਾ ਦਾ ਧਾਰਮਿਕ ਹੋਣਾ ਮਾਨਵ ਦੀ ਧੁਰ ਅੰਤਰਮੁਖੀ ਭਾਵ ਅੰਦਰਲੀ ਯੁੱਗਾਂ ਤੋਂ ਚਲੀ ਆ ਰਹੀ ਇਕ ਵਿਰਤੀ ਹੈ। ਮਨੁੱਖ ਦਾ ਆਦਿ ਮਾਨਵੀ ਸੁਭਾਅ ਹੀ ਉਸ ਨੂੰ ਧਾਰਮਿਕ ਸੋਚ ਵੱਲ ਆਕਰਸ਼ਿਤ ਕਰਦਾ ਹੈ। ਮਨੁੱਖ ਦੀ ਅੰਤਰਮੁਖੀ ਰਹੱਸਮਈ ਅਨੁਭਵੀ ਸੋਚ ਹੀ ਉਸ ਦੇ ਧਿਆਨ ਨੂੰ ਨਿਰਵਾਣ ਵੱਲ ਆਕਰਸ਼ਿਤ ਕਰਦੀ ਹੈ, ਜਿੱਥੇ ਉਹ ਪ੍ਰਮਾਤਮਾ ਨਾਲ ਪਿਆਰ ਪਾ ਲੈਂਦਾ ਹੈ ਤੇ ਇਸ ਅਵਸਥਾ 'ਚ ਉਹ ਆਪਣੇ ਧਿਆਨ ਨੂੰ ਇਤਨਾ ਇਕਾਗਰ ਕਰ ਲੈਂਦੀ ਹੈ ਤੇ ਇੱਥੇ ਉਹ ਇਕ ਉਚੇਰੇ ਵਿਸਮਾਦੀ ਸੁਆਦ ਨੂੰ ਮਹਿਸੂਸ ਕਰਦਾ ਹੈ ਤੇ ਉਸ ਦੇ ਸਾਰੇ ਭਰਮ-ਭੁਲੇਖੇ ਦੂਰ ਹੋ ਜਾਂਦੇ ਹਨ। ਉਸ ਦੀ ਮਾਨਸਿਕ ਅਵਸਥਾ- 'ਨਾ ਕੋ ਵੈਰੀ ਨਾ ਹੀ ਬੇਗਾਨਾ' ਦਾ ਅਹਿਸਾਸ ਮਹਿਸੂਸ ਕਰਦੀ ਹੈ। ਗੁਰਮਤਿ 'ਚ ਇਸ ਅਹਿਸਾਸ ਨੂੰ 'ਸੱਚ ਖੰਡ' ਦੀ ਅਵਸਥਾ ਕਿਹਾ ਜਾਂਦਾ ਹੈ। ਇਸ ਅਵਸਥਾ 'ਚ ਪਹੁੰਚ ਕੇ ਮਾਨੋ ਉਸ ਨੇ ਸੰਸਾਰ ਦੀਆਂ ਸਭ ਖੁਸ਼ੀਆਂ ਪ੍ਰਾਪਤ ਕਰ ਲਈਆਂ ਹੋਣ ਤੇ ਉਹ ਦੁਨੀਆਵੀ ਜੰਜਾਲਾਂ ਤੋਂ ਮੁਕਤੀ ਮਹਿਸੂਸ ਕਰਦਾ ਹੈ। ਅਸਲ 'ਚ ਪ੍ਰਗਤੀਵਾਦ ਦੀ ਭਾਸ਼ਾ 'ਚ ਇਸ 'ਸੱਚ ਖੰਡ' ਦੀ ਅਵਸਥਾ ਨੂੰ ਉਚਤਮ ਮਾਨਸਿਕ ਵਿਕਾਸ ਕਿਹਾ ਜਾਂਦਾ ਹੈ।

ਸਤਿਗੁਰੂ ਰਵਿਦਾਸ ਜੀ ਨੇ ਪ੍ਰਮਾਤਮਾ ਨਾਲ ਮਿਲਾਪ ਜਾਂ ਸਾਰੇ ਤਰ੍ਹਾਂ ਦੇ ਬੰਧਨਾਂ ਤੋਂ ਮੁਕਤੀ ਵਾਲੇ ਇਸ ਉਚੇਰੇ ਰੂਹਾਨੀ ਅਹਿਸਾਸ ਨੂੰ ''ਤੋਹੀ ਮੋਹੀ, ਮੋਹੀ ਤੋਹੀ ਅੰਤਰ ਕੈਸਾ।। ਕਨਕ ਕਟਿਕ ਜਲ ਤਰੰਗ ਜੈਸਾ'' ਬਿਆਨ ਕੀਤਾ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਧਰਮ ਨੈਤਿਕਤਾ ਤੇ ਰੂਹਾਨੀਅਤ ਦੇ ਸੁਮੇਲ 'ਚੋਂ ਮਹਿਸੂਸ ਹੁੰਦਾ, ਰਹੱਸਵਾਦੀ ਅਨੁਭਵ ਹੁੰਦਾ ਹੈ। ਇਸ ਅੰਤਰਮੁਖੀ ਸੋਚ 'ਚੋਂ ਹੀ ਸਾਡੇ ਭਾਰਤੀ ਸਮਾਜ 'ਚ ਮਨੁੱਖ ਅੰਦਰ ਪਿਆਰ ਸੁੱਖ, ਸ਼ਾਂਤੀ, ਫਿਰਕੂ ਸਦਭਾਵਨਾ, ਭਾਈਚਾਰਕ ਪਿਆਰ, ਸਾਂਝੀਵਾਲਤਾ ਤੇ ਸਹਿਣਸ਼ੀਲਤਾ ਪੈਦਾ ਹੁੰਦੀ ਹੈ। ਇਸ ਨੂੰ ਧਰਮ 'ਚੋਂ ਉਪਜੀ ਮੁਕੰਮਲ ਜੀਵਨ ਜਾਚ ਕਿਹਾ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਸੰਜਮੀ, ਉਦਾਰਵਾਦੀ, ਪਰਉਪਕਾਰੀ, ਤਿਆਗੀ, ਕੁਰਬਾਨੀ ਦੀ ਭਾਵਨਾ, ਸਹਿਣਸ਼ੀਲਤਾ, ਸਬਰ-ਸੰਤੋਖ, ਸਹਿਹੋਂਦ, ਹਲੀਮੀ, ਮਨੁੱਖੀ ਸੁਤੰਤਰਤਾ, ਨਿਆਂਪੂਰਵਕ ਰੁਚੀਆਂ ਆਦਿ ਵਰਗੀਆਂ ਉੱਚੀਆਂ ਕਦਰਾਂ-ਕੀਮਤਾਂ ਦਾ ਮਾਲਕ ਬਣ ਜਾਂਦਾ ਹੈ। ਇਸ ਦੇ ਠੀਕ ਉਲਟ ਉਲਾਰਵਾਦੀ, ਆਡੰਬਰੀ ਤੇ ਸਵਾਰਥੀ ਸੋਚ ਵਾਲਾ ਮਨੁੱਖ ਸਮਾਜ ਅੰਦਰ ਕੱਟੜਤਾ, ਨਫ਼ਰਤ, ਵੈਰ-ਵਿਰੋਧੀ, ਈਰਖਾ, ਲਾਲਚ, ਹੰਕਾਰ, ਬੇਚੈਨੀ, ਅਸ਼ਾਂਤ, ਅਸੰਜਮੀ, ਫਿਰਕਾਪ੍ਰਸਤ, ਅਨਿਆਈ ਤੇ ਜ਼ਬਰ-ਜ਼ੁਲਮ ਵਰਗੀਆਂ ਅਨੇਕਾਂ ਮਾਨਸਿਕ ਬਿਮਾਰੀਆਂ ਵਾਲਾ, ਨਾਂਹ-ਪੱਖੀ ਵਰਤਾਰੇ ਵਾਲਾ ਮਾਨਵ ਬਣ ਜਾਂਦਾ ਹੈ।

ਅਧਿਆਤਮਕ-ਚਿੰਤਨ, ਰੂਹਾਨੀਅਤ ਦੇ ਰਹੱਸ ਦਾ ਅਹਿਸਾਸ ਮਹਿਸੂਸ ਕਰਨ ਵਾਲੇ ਤੇ ਧਰਮ ਦੀ ਅਸਲ ਜਾਣਕਾਰੀ ਸਮਝਣ ਵਾਲੇ ਲੋਕਾਂ ਦੀ ਇਕ ਖਾਸ ਤਰ੍ਹਾਂ ਦੀ ਪਛਾਣ ਹੁੰਦੀ ਹੈ ਕਿ ਉਹ ਸਮਾਜ ਦੇ ਲੋਕਾਂ ਨੂੰ ਤੇ ਆਪਣੇ ਚੌਗਿਰਦੇ ਨੂੰ ਸਰੀਰ ਤੇ ਮਨ ਦੇ ਧਰਾਤਲ 'ਤੇ ਨਹੀਂ ਸਗੋਂ ਆਪਣੀ ਆਤਮਾ ਦੇ ਅਨੁਭਵੀ ਤੇ ਉਚੇਰੇ ਧਰਾਤਲ 'ਤੇ ਪਰਖਦੇ ਹਨ ਤੇ ਦੇਖਦੇ ਹਨ। ਇਕ ਸਮਾਜਿਕ ਮਾਨਵ ਤੋਂ ਬਣਿਆ ਦਰਵੇਸ਼ ਤੇ ਫਕੀਰ ਆਦਮੀ ਆਪਣੀ ਰੂਹ ਦੇ ਧਰਾਤਲ 'ਤੇ ਸਮਾਜਿਕ ਪ੍ਰਾਣੀਆਂ ਨਾਲ ਕਿਵੇਂ ਪੇਸ਼ ਆਉਂਦਾ ਹੈ। ਇਸ ਦੀ ਉਦਾਹਰਣ ਗੁਰੂ ਗੋਬਿੰਦ ਸਿੰਘ ਜੀ ਦੇ ਬਹੁਤ ਹੀ ਪਿਆਰੇ ਸਿੱਖ ਭਾਈ ਘਨੱਈਆ ਜੀ ਦੀ ਹੈ। ਸਾਡਾ ਇਤਿਹਾਸ ਇਸ ਗੱਲ ਦਾ ਸਾਕਸ਼ੀ ਹੈ ਕਿ ਮੁਗਲ ਫੌਜਾਂ ਨਾਲ ਹੋ ਰਹੇ ਧਰਮ ਯੁੱਧ 'ਚ ਮਾਨਵੀ ਧਰਮ ਦੀਆਂ ਗਹਿਰੀਆਂ ਰੂਹਾਨੀ ਰਮਜ਼ਾਂ ਨੂੰ ਸਮਝਣ ਵਾਲੇ ਤੇ 'ਸੱਚ-ਖੰਡੀ' ਅਵਸਥਾ 'ਚ ਪਹੁੰਚੇ ਹੋਏ ਇਸ ਪਵਿੱਤਰ ਤੇ ਸਾਫ ਸੁਥਰੀ ਆਤਮਾ ਵਾਲੇ ਮਾਨਵ ਲਈ ਲੜਾਈ ਦੇ ਮੈਦਾਨ 'ਚ ਜ਼ਖਮੀ ਤੇ ਪ੍ਰਾਣ ਤਿਆਗ ਰਹੇ ਸਿਪਾਹੀ- 'ਨਾ ਕੋ ਵੈਰੀ ਨਾ ਹੀ ਬੇਗਾਨਾ' ਨਜ਼ਰ ਆਉਂਦੇ ਹਨ। ਇਕ ਮਾਸ਼ਕੀ ਦਾ ਸੱਚਾ-ਸੁੱਚਾ ਆਪਣਾ ਧਰਮ ਨਿਭਾਉਂਦਿਆਂ ਉਹ ਆਪਣੇ ਫੌਜੀ ਜਵਾਨਾਂ ਤੇ ਇਸ ਦੇ ਨਾਲ-ਨਾਲ ਦੁਸ਼ਮਣ ਦੇ ਫੌਜੀ ਜਵਾਨਾਂ ਨੂੰ ਵੀ ਬਿਨਾਂ ਕਿਸੇ ਵਿਤਕਰੇ ਤੇ ਭੇਦ-ਭਾਵ ਦੇ ਪਾਣੀ ਦੀ ਸੇਵਾ ਕਰਦੇ ਹਨ। ਪਰ ਧਰਮ ਦੀ ਪੂਰੀ ਸਮਝ ਨਾ ਰੱਖਣ ਵਾਲਿਆਂ ਨੂੰ ਭਾਈ ਘਨੱਈਆ ਜੀ ਦਾ ਇਹ ਉੱਚਾ ਤੇ ਸੁੱਚਾ ਕਾਰਜ ਧਰਮ ਵਿਰੋਧੀ ਮਹਿਸੂਸ ਹੋਇਆ। ਉਨ੍ਹਾਂ ਗੁਰੂ ਸਾਹਿਬ ਪਾਸ ਭਾਈ ਘਨੱਈਆ ਜੀ ਦੀ ਸ਼ਿਕਾਇਤ ਕਰ ਦਿੱਤੀ। ਸੰਗਤਾਂ ਨਾਲ ਭਰੇ ਪੰਡਾਲ 'ਚ ਜਦੋਂ ਗੁਰੂ ਜੀ ਨੇ ਇਹ ਸ਼ਿਕਾਇਤ ਸੁਣਦਿਆਂ ਕਿਹਾ ਕਿ ਭਾਈ ਘਨੱਈਆ ਜੀ ਨੇ ਧਰਮ ਦੀ ਮਰਿਆਦਾ ਅਨੁਸਾਰ ਇਹ ਬਿਲਕੁਲ ਠੀਕ ਕੀਤਾ ਹੈ। ਗੁਰੂ ਸਾਹਿਬ ਨੇ ਭਾਈ ਘਨੱਈਆ ਜੀ ਨੂੰ ਇਕ ਮਾਸ਼ਕੀ ਦਾ ਫਰਜ਼ ਨਿਭਾਉਂਦਿਆਂ ਹੋਇਆਂ ਜ਼ਖਮੀਆਂ ਦੀ ਮੱਲ੍ਹਮ-ਪੱਟੀ ਕਰਨ ਦੀ ਸੇਵਾ ਵੀ ਸੌਂਪ ਦਿੱਤੀ। ਭਾਈ ਘਨੱਈਆ ਜੀ ਤੋਂ ਇਲਾਵਾ ਸਾਡੇ ਸਮਾਜ 'ਚ ਭਗਤ ਪੂਰਨ ਸਿੰਘ, ਮਦਰ ਟਰੀਸਾ ਤੇ ਇੰਗਲੈਂਡ ਦੇ ਇਤਿਹਾਸ 'ਚ ਫਾਦਰ ਡੇਮੀਅਨ ਤੇ ਫਲੋਰੈਂਸ ਨਾਈਟਗੇਲ ਦੀਆਂ ਉਦਾਹਰਣਾਂ ਵੀ ਮਾਨਵੀ ਸੇਵਾ ਦੇ ਪੁੰਜ ਦੇ ਤੌਰ 'ਤੇ ਦਿੱਤੀਆਂ ਜਾਂਦੀਆਂ ਹਨ, ਜਿਹਨਾਂ ਨੇ ਦੁਖੀਆਂ, ਬਿਮਾਰਾਂ, ਗਰੀਬਾਂ, ਕੋਹੜੀਆਂ ਤੇ ਸਮਾਜ ਦੇ ਦੁਰਕਾਰੇ ਹੋਏ ਲੋਕਾਂ ਦੀ ਰੱਜ ਕੇ ਸੇਵਾ ਕੀਤੀ।

ਉਕਤ ਚਰਚਾ ਦਾ ਸਾਰੰਸ਼ ਇਹ ਨਿਕਲਦਾ ਹੈ ਕਿ ਧਰਮ ਜਿਸ ਦੇ ਸ਼ਬਦੀ ਅਰਥ ਫਰਜ਼ ਹਨ, ਇਕ ਮਾਨਵ ਦਾ ਅੰਤਰਮੁਖੀ ਅਨੁਭਵ ਜਾਂ ਅਹਿਸਾਸ ਦਾ ਵਰਤਾਰਾ ਹੈ। ਇਹ ਮਾਨਵਵਾਦੀ ਅੰਤਰ-ਆਤਮਾ ਦਾ ਸਫ਼ਰ ਹੈ। ਅਸਲ 'ਚ ਮਾਨਵ ਦਾ ਸਬੰਧ ਉਸਦੇ ਮਨ, ਹਿਰਦੇ ਤੇ ਆਤਮਾ ਨਾਲ ਹੈ। ਮਨੁੱਖੀ ਮਨ ਨੂੰ ਤਕੜਾ ਕਰਨਾ, ਉਸ ਨੂੰ ਹੌਸਲਾ ਦੇਣਾ, ਵਿਗੜੇ ਹੋਏ ਮਨ ਨੂੰ ਸੁਧਾਰਨਾ, ਇਸ ਨੂੰ ਸ਼ਾਂਤ-ਚਿੱਤ ਕਰਨਾ ਤੇ ਆਪਣੀ ਆਤਮਾ ਨੂੰ ਪਵਿੱਤਰ ਬਣਾਉਣਾ, ਪ੍ਰਮਾਤਮਾ ਦੇ ਭੈਅ 'ਚ ਰਹਿਣਾ, ਇਹ ਸਭ ਸਾਡੀ ਨੈਤਿਕਤਾ ਤੇ ਰੂਹਾਨੀਅਤ ਨਾਲ ਸਬੰਧ ਰੱਖਦਾ ਹੈ। ਇਹ ਸਭ ਧਰਮਾਂ ਦਾ ਬੁਨਿਆਦੀ ਫਰਜ਼ ਬਣਦਾ ਹੈ ਤੇ ਇਸ ਧਾਰਮਿਕ ਫਰਜ਼ ਨੂੰ ਨਿਭਾਉਂਦਿਆਂ ਹੋਇਆਂ ਤਾਂ ਹੀ ਪਰਉਪਕਾਰੀ ਇਨਸਾਨ ਬਣਿਆ ਜਾ ਸਕਦਾ ਹੈ।

ਇਹ ਕੁਦਰਤੀ ਗੱਲ ਹੈ ਕਿ ਧਰਮ ਦੀ ਗਹਿਰੀ ਸਮਝ ਰੱਖਣ ਵਾਲਾ ਇਨਸਾਨ ਬੜਾ ਫਿਰਾਖ-ਦਿਲ ਸੱਚੀ-ਸੁੱਚੀ ਨੈਤਿਕਤਾ ਵਾਲਾ ਤੇ ਉਦਾਰਵਾਦੀ ਅਨੁਭਵ ਵਾਲਾ ਹੁੰਦਾ ਹੈ। ਇਸ ਤਰ੍ਹਾਂ ਦੇ, ਬਣਾ ਲੈਣ ਵਾਲੇ ਸੁਭਾਅ ਵਾਲਾ ਮਨੁੱਖ ਸੰਸਾਰਕ ਝਮੇਲਿਆਂ 'ਚ ਨਹੀਂ ਪੈਂਦਾ। ਉਹ ਆਪਣੇ ਸਾਰੇ ਭਰਮ-ਭੇਦ, ਤੋਰ-ਮੋਰ ਤੇ ਸਭ ਤਰ੍ਹਾਂ ਦੇ ਵਖਰੇਵਿਆਂ ਤੋਂ ਨਿਰਲੇਪ ਹੋ ਜਾਂਦਾ ਹੈ। ਉਹ ਆਪਣਾ ਜੀਵਨ ਬੜਾ ਸਾਦਾ ਬਤੀਤ ਕਰਦਾ ਹੈ ਤੇ ਆਪਣੇ ਵਿਚਾਰਾਂ ਨੂੰ ਹਮੇਸ਼ਾ ਬੜਾ ਉੱਚਾ ਰੱਖਦਾ ਹੈ। ਅਜਿਹੀ ਵਿਚਾਰਧਾਰਾ ਰੱਖਣ ਵਾਲੇ ਧਾਰਮਿਕ ਮਹਾਂਪੁਰਸ਼ਾਂ ਨੇ ਸਾਰੀ ਸ੍ਰਿਸ਼ਟੀ ਨੂੰ ਆਪਣੇ ਕਲਾਵੇ 'ਚ ਲੈ ਕੇ ਜੀਵਨ ਜਾਚ ਸਿਖਾਉਣ ਦਾ ਉਪਰਾਲਾ ਕੀਤਾ ਹੈ। ਉਨ੍ਹਾਂ ਨੇ ਸਾਰੇ ਸੰਸਾਰ ਨੂੰ ਮਨੁੱਖੀ ਸਮਾਜਿਕ ਬਰਾਬਰੀ, ਭਾਈਚਾਰਕ ਸਾਂਝ, ਪਿਆਰ ਮੁਹੱਬਤ ਤੇ ਏਕਤਾ ਦਾ ਪੈਗਾਮ ਦਿੱਤਾ। ਸਮਾਜ ਦੇ ਵੱਖ-ਵੱਖ ਵਰਗਾਂ, ਫਿਰਕਿਆਂ, ਜਾਤਾਂ ਤੇ ਧਰਮਾਂ ਨੂੰ ਇਕ ਸੂਤਰ 'ਚ ਮਾਲਾ ਦੇ ਮਣਕਿਆਂ ਦੀ ਤਰ੍ਹਾਂ ਪਰੋਣ ਦਾ ਕੰਮ ਕੀਤਾ। ਇਸ ਤਰ੍ਹਾਂ ਦੇ ਵਿਚਾਰ ਰੱਖਣ ਵਾਲੇ ਮਨੁੱਖ ਸਮਾਜ 'ਚ ਵੈਰ-ਵਿਰੋਧ ਤੇ ਨਫ਼ਰਤ ਦੀ ਭਾਵਨਾ ਨਹੀਂ ਰੱਖਦੇ।

ਉਕਤ ਵਿਚਾਰਧਾਰਾ ਦੇ ਉਲਟ ਉਹ ਲੋਕ ਜੋ ਧਰਮ ਦੀ ਅੱਧੀ-ਅਧੂਰੀ, ਓਪਰੀ ਤੇ ਇਕ ਤਰਫੀ ਸੌਝੀ, ਭਰਮ-ਭੁਲੇਖਿਆਂ ਵਾਲੀ, ਕੱਟੜ ਤੇ ਜਨੂੰਨੀ ਧਾਰਮਿਕ ਸੋਚ ਰੱਖਦੇ ਹਨ, ਉਹ ਧਰਮ ਦੀ ਗਲਤ ਵਿਆਖਿਆ ਕਰਦੇ ਹਨ ਤੇ ਸਮਾਜ 'ਚ ਵੰਡੀਆਂ, ਨਫ਼ਰਤਾਂ ਤੇ ਵੈਰ-ਵਿਰੋਧ ਪੈਦਾ ਕਰਦੇ ਹੋਏ ਧਰਮ ਦੇ ਨਾਂ 'ਤੇ ਕਤਲੋਗਾਰਤ ਕਰਦੇ ਹਨ। ਅੱਜ ਅੰਤਰ ਰਾਸ਼ਟਰੀ ਪੱਧਰ 'ਤੇ ਮਾਨਵਤਾ ਦਾ ਕਤਲ ਤੇ ਜ਼ੁਲਮ ਹੋ ਰਹੇ ਹਨ, ਉਹ ਇਸੇ ਹੀ ਕੱਟੜਵਾਦੀ ਧਾਰਮਿਕ ਵਿਚਾਰਧਾਰਾ ਦਾ ਨਤੀਜਾ ਹੀ ਹਨ। ਉਹ ਆਪਣੇ ਧਰਮ ਨੂੰ ਜ਼ੋਰ-ਜਬਰੀ ਸਾਰੇ ਸੰਸਾਰ ਦੀ ਲੋਕਾਈ 'ਤੇ ਬੰਦੂਕ ਦੀ ਨੋਕ ਨਾਲ ਲਾਗੂ ਕਰਨਾ ਚਾਹੁੰਦੇ ਹਨ। ਇਹ ਸਾਰੇ ਲੋਕ ਸੁਆਰਥੀ ਵਿਉਪਾਰਕ ਰੁਚੀਆਂ ਤੇ ਧਾਰਮਿਕ ਕੱਟੜਪੰਥੀ ਹਨ। ਇਸ ਤੋਂ ਤਾਂ ਇਹੀ ਲੱਗਦਾ ਹੈ ਕਿ ਉਨ੍ਹਾਂ ਲੋਕਾਂ 'ਚ ਮਜ਼ਹਬੀ ਜਨੂੰਨ, ਕੱਟੜਵਾਦ ਤੇ ਆਪਣੇ ਧਰਮ ਨੂੰ ਦੇਖਣ ਤੋਂ ਸਿਵਾਏ ਉਨ੍ਹਾਂ ਨੂੰ ਦੂਸਰੇ ਹੋਰ ਧਰਮਾਂ ਦੇ ਲੋਕ ਚੰਗੇ ਹੀ ਨਹੀਂ ਲੱਗਦੇ। ਵੈਸੇ ਤਾਂ ਅਜਿਹੇ ਕੁਝ ਪ੍ਰਤੀਸ਼ਤ ਕੱਟੜਪੰਥੀ ਹਰ ਧਰਮ 'ਚ ਹੁੰਦੇ ਹਨ ਜੋ ਅਜਿਹੀ ਸੋਚ ਪਾਲਦੇ ਹਨ ਪਰ ਸਾਰਿਆਂ ਧਾਰਮਿਕ ਵਿਰਤੀ ਵਾਲੇ ਲੋਕਾਂ ਨੂੰ ਕੱਟੜਵਾਦੀ ਤੇ ਸੁਆਰਥੀ ਵਿਉਪਾਰਕ ਰੁਚੀਆਂ ਵਾਲੇ ਵੀ ਤਾਂ ਨਹੀਂ ਕਿਹਾ ਜਾ ਸਕਦਾ।



ਪ੍ਰੋ: ਐਚ.ਐਲ.ਕਪੂਰ

ਇਕ ਗੱਲ ਵਿਚਾਰਨ ਵਾਲੀ ਹੈ ਕਿ ਜੇਕਰ ਧਰਮ ਨੂੰ ਮਾਨਵ ਦੇ ਜੀਵਨ 'ਚੋਂ ਮਨਫ਼ੀ ਕਰ ਦਿੱਤਾ ਜਾਵੇ ਤਾਂ ਕੀ ਫਿਰ ਮਾਨਵਤਾ 'ਤੇ ਅੱਜ ਦੀ ਤਰ੍ਹਾਂ ਜ਼ੁਲਮ ਤੇ ਤਸ਼ੱਦਦ ਕਰੇਗਾ? ਕੀ ਧਰਮ ਤੋਂ ਬਿਨਾਂ ਜੀਵਨ, ਜੀਵਨ ਨਹੀਂ ਰਹੇਗਾ? ਸ਼ਾਇਦ ਇਸ ਦਾ ਉਤਰ ਹੋਵੇਗਾ ਨਹੀਂ, ਕਿਉਂਕਿ ਧਰਮ ਕਰਕੇ ਹੀ ਉਹ ਲੋਕ ਜਨੂੰਨੀ ਤੇ ਕੱਟੜਵਾਦੀ ਹਨ? ਇਸ ਲਈ ਮਜ਼ਹਬ ਦੇ ਪ੍ਰਭਾਵ ਕਰਕੇ ਹੀ ਉਹ ਲੋਕ ਕੱਟੜਵਾਦੀ ਤੇ ਸੁਆਰਥੀ ਹਨ। ਇਸ ਕਰਕੇ ਹੀ ਸਾਡੇ ਸਮਾਜ 'ਚ ਜਾਤ-ਪਾਤ, ਸਮਾਜਿਕ ਨਾਬਰਾਬਰੀ ਤੇ ਊਚ ਨੀਚ ਦਾ ਵਿਤਕਰਾ ਹੈ। ਵੈਸੇ ਵੀ ਸੰਸਾਰ ਦੇ ਕਿਸੇ ਵੀ ਧਰਮ ਦਾ ਅਜਿਹਾ ਸਿਧਾਂਤ ਨਹੀਂ ਹੈ ਜੋ ਆਪਸ 'ਚ ਵੈਰ-ਵਿਰੋਧ ਤੇ ਈਰਖਾ ਕਰਨ ਦੀ ਸਿੱਖਿਆ ਦਿੰਦਾ ਹੋਵੇ। ਇਸ ਲਈ ਸਾਰੇ ਸੰਸਾਰ ਦਾ ਧਰਮ ਹੀ 'ਮਾਨਵਵਾਦ' ਹੋਣਾ ਚਾਹੀਦਾ ਹੈ, ਜਿਸ ਦਾ ਨਾਅਰਾ ਇਹ ਹੋਵੇ ਕਿ- ''ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ''। ਇਸ 'ਮਾਨਵਵਾਦੀ ਧਰਮ' ਨਾਲ ਹੀ ਸਾਰੇ ਸੰਸਾਰ ਦੀ ਮਾਨਵਤਾ 'ਚੋਂ ਵੈਰ-ਵਿਰੋਧ ਦੀ ਭਾਵਨਾ ਖਤਮ ਹੋ ਸਕਦੀ ਹੈ।

ਅੱਜ ਦਾ ਵਿਗਿਆਨਕ ਯੁੱਗ 'ਸਮਾਜਵਾਦੀ ਯਥਾਰਥਵਾਦ' ਦਾ ਯੁੱਗ ਹੈ। 'ਯਥਾਰਥਵਾਦ' ਦੀ ਪਰਿਭਾਸ਼ਾ ਇਹ ਕਹਿੰਦੀ ਹੈ ਕਿ "ਸੰਸਾਰ 'ਚ ਤੁਹਾਨੂੰ ਜਿਹੜੀ ਚੀਜ਼, ਤੁਹਾਡੀ ਨੰਗੀ ਅੱਖ ਨਾਲ ਨਜ਼ਰ ਨਹੀਂ ਆਉਂਦੀ ਹੈ ਉਹੀ ਦੁਨਿਆਵੀ ਸੱਚ ਨਹੀਂ ਹੈ, ਜੋ ਚੀਜ਼ ਤੁਹਾਨੂੰ ਨਜ਼ਰ ਆਉਂਦੀ ਹੈ ਉਹ ਦੁਨਿਆਵੀ ਸੱਚ ਹੈ।'' ਇਸ ਲਈ ਹੀ ਯਥਾਰਥਵਾਦੀ ਵਿਗਿਆਨਕ ਸੋਚ ਵਾਲੀ ਮਾਨਵਤਾ 'ਰੱਬ ਦੀ ਹੋਂਦ' ਤੇ ਧਰਮ 'ਚ ਵਿਸ਼ਵਾਸ ਨਹੀਂ ਰੱਖਦੀ। ਉਹ 'ਰੱਬ ਵਰਗੀ ਗੁੰਝਲਦਾਰ ਬੁਝਾਰਤ' ਤੇ ਧਰਮ 'ਚ ਵਿਸ਼ਵਾਸ ਨਹੀਂ ਰੱਖਦਾ ਤੇ ਨਾਸਤਿਕ ਰਹਿ ਕੇ ਹੀ ਧਰਮ ਦੀ ਕੱਟੜਵਾਦੀ ਸੋਚ ਤੋਂ ਦੂਰ ਰਹਿੰਦਾ ਹੈ। ਪ੍ਰੋ. ਮੋਹਨ ਸਿੰਘ ਵੀ ਆਪਣੀ ਇਕ ਕਵਿਤਾ 'ਚ ਰੱਬ ਨੂੰ ਇਸ ਤਰ੍ਹਾਂ ਸੰਬੋਧਨ ਕਰਦਾ ਕਹਿੰਦਾ ਹੈ- ''ਰੱਬ ਇਕ ਗੁੰਝਲਦਾਰ ਬੁਝਾਰਤ, ਰੱਬ ਇਕ ਗੋਰਖਧੰਦਾ'। ਉਹ ਇਸ ਕਵਿਤਾ 'ਚ - 'ਲਾਈਲੱਗ ਮੋਮਨ ਨਾਲੋਂ, ਖੋਜੀ ਕਾਫ਼ਰ ਚੰਗਾ'' ਦਾ ਸੰਦੇਸ਼ ਦਿੰਦਾ ਹੈ।

ਸਹੀ ਮਾਅਨਿਆਂ 'ਚ ਸੰਸਾਰ ਦਾ ਕੋਈ ਵੀ ਧਰਮ ਮਾੜਾ ਨਹੀਂ ਹੈ ਜੋ ਵੈਰ-ਵਿਰੋਧ ਰੱਖਣ ਦੀ ਸਿੱਖਿਆ ਦਿੰਦਾ ਹੋਵੇ। ਧਰਮ ਦੀ ਉਲਾਰਵਾਦੀ ਸੋਚ ਹੀ ਮਨੁੱਖ ਨੂੰ ਪਾਖੰਡੀ, ਦੰਭੀ, ਆਡੰਬਰੀ, ਠੱਗ, ਆਪਸੀ ਵੈਰ-ਵਿਰੋਧ, ਭੇਦ-ਭਾਵ, ਜਾਤ-ਪਾਤ, ਸਮਾਜਿਕ ਨਾਬਰਾਬਰੀ ਤੇ ਰਾਜਨੀਤੀ ਤੇ ਧਰਮ ਦਾ ਵਿਉਪਾਰੀਕਰਨ ਕਰਨ ਵਾਲੇ ਲੋਕ ਹੀ ਇਸ ਨੂੰ ਅਜਿਹਾ ਬਣਾਉਂਦੇ ਹਨ, ਜਿਹਨਾਂ ਨੂੰ ਜਿੰਨਾ ਵੀ ਮਾੜਾ ਕਿਹਾ ਜਾਵੇ, ਉਹ ਥੋੜ੍ਹਾ ਹੈ। ਅੱਜ ਅੰਤਰ ਰਾਸ਼ਟਰੀ ਪੱਧਰ 'ਤੇ ਕੱਟੜਵਾਦੀ ਧਾਰਮਿਕ ਸੰਗਠਨ, ਉਗਰਵਾਦੀ ਘਟਨਾਵਾਂ ਨੂੰ ਅੰਜ਼ਾਮ ਦੇ ਰਹੇ ਹਨ, ਜਿਸ ਨਾਲ ਹਜ਼ਾਰਾਂ ਲੋਕਾਂ ਦੀ ਜਾਨ ਜਾ ਚੁੱਕੀ ਹੈ। ਉਨ੍ਹਾਂ ਨੂੰ ਮਾਨਵਤਾ ਨਾਲ ਕੋਈ ਪਿਆਰ ਨਹੀਂ ਤੇ ਬੇਕਸੂਰ ਲੋਕ ਮਾਰੇ ਜਾ ਰਹੇ ਹਨ।

ਇਕ ਗੱਲ ਬੜੀ ਦਰੁੱਸਤ ਹੈ ਕਿ ਕਿਸੇ ਵੀ ਧਰਮ ਦੀ ਸਾਫ-ਸੁਥਰੀ ਤੇ ਪ੍ਰਮੁੱਖ ਭਾਵਨਾ ਤੇ ਉਸ ਦੇ ਮੂਲ ਸਿਧਾਂਤਾਂ 'ਚ ਨਿਰਦੋਸ਼ ਮਾਨਵਤਾ ਦਾ ਕਤਲ ਕਰਨਾ, ਅਡੰਬਰ, ਦੰਭ ਤੇ ਪਾਖੰਡ ਤੇ ਹੋਰ ਦੱਸੀਆਂ ਉਕਤ ਸੁਆਰਥੀ ਲੋਕਾਂ ਦੀਆਂ ਕੁਰੀਤੀਆਂ ਦੀ ਭਾਵਨਾ ਲਈ, ਕੋਈ ਸਥਾਨ ਨਹੀਂ ਹੈ ਜਦਕਿ ਇਸ ਦੀ ਥਾਂ ਆਪਣੇ ਹਿੱਤਾਂ ਤੇ ਸੁਆਰਥ ਦੀ ਖਾਤਰ ਦੰਭੀ ਤੇ ਪਾਖੰਡੀ, ਅਖੌਤੀ ਧਾਰਮਿਕ ਵਿਉਪਾਰਕ ਰੁਚੀਆਂ ਵਾਲੇ ਝੰਡੇ ਬਰਦਾਰਾਂ ਤੇ ਰਾਜਨੀਤਿਕ ਲੋਕਾਂ ਦੀ ਸੋਚ ਦਾ ਕੇਂਦਰੀ ਬਿੰਦੂ ਲੋਕਾਂ ਨੂੰ ਲੁੱਟਣਾ, ਭਰਮ-ਭੁਲੇਖਿਆਂ 'ਚ ਫਸਾਉਣਾ, ਲੋਕਾਂ 'ਚ ਫਸਾਦ ਕਰਵਾਉਣਾ ਤੇ ਉਹਨਾਂ ਨੂੰ ਵੰਡ ਕੇ ਵੈਰ-ਵਿਰੋਧ ਫੈਲਾਉਣਾ ਤੇ ਪੈਸਾ ਇਕੱਠਾ ਕਰਨਾ ਹੀ ਮੰਤਵ ਹੁੰਦਾ ਹੈ। ਅੱਜ ਦੇ ਇੱਕੀਵੀਂ ਸਦੀ ਦੇ ਵਿਗਿਆਨਕ ਯੁੱਗ 'ਚ ਅਜਿਹੇ ਧਾਰਮਿਕ ਆਗੂਆਂ ਤੇ ਰਾਜਨੀਤਿਕ ਲੋਕਾਂ ਦੇ ਝਾਂਸੇ ਤੋਂ ਦੂਰ ਰਹਿਣ ਦੀ ਸਖ਼ਤ ਲੋੜ ਹੈ। ਭਾਵੇਂ ਸਾਡੇ ਸੰਵਿਧਾਨ 'ਚ ਇਹ ਦਰਜ ਹੈ ਕਿ ਧਰਮ, ਜਾਤ-ਪਾਤ, ਵੰਸ਼, ਲਿੰਗ, ਬੋਲੀ ਜਾਂ ਜਨਮ ਅਸਥਾਨ ਦੇ ਆਧਾਰ 'ਤੇ ਕਿਸੇ ਵੀ ਭਾਰਤੀ ਨਾਗਰਿਕ ਨਾਲ ਵਿਤਕਰਾ ਜਾਂ ਭੇਦ-ਭਾਵ ਲਈ ਕੀਤਾ ਜਾ ਸਕਦਾ ਪਰ ਫਿਰ ਵੀ ਅਸੀਂ ਦੇਖਦੇ ਹਾਂ ਕਿ ਕੱਟੜਪੰਥੀ ਨਿੱਤ ਦਿਨ ਆਪਣੇ ਸਵਾਰਥ ਲਈ 'ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਵੈਰ ਰੱਖਨਾ' ਦੇ ਸਿਧਾਂਤ ਨੂੰ ਟਿੱਚ ਸਮਝਣੇ ਹਨ ਤੇ ਉਨ੍ਹਾਂ ਨੂੰ ਅਜਿਹੇ ਧਾਰਮਿਕ ਸਿਧਾਂਤਾਂ ਤੇ ਸੰਦੇਸ਼ਾਂ ਦਾ ਕੋਈ ਡਰ ਲਈ ਹੈ।

ਹਾਂ! ਜੇ ਮਜ਼ਹਬ ਜਾਂ ਧਰਮ ਕਰਕੇ ਹੀ ਕੱਟੜਵਾਦ ਹੈ ਤਾਂ ਇਸ ਨੂੰ ਮਾਨਵੀ ਜੀਵਨ 'ਚੋਂ ਮਾਈਨਸ ਕਰ ਦੇਣਾ ਚਾਹੀਦਾ ਹੈ ਤਾਂ ਫਿਰ ਜੀਵਨ 'ਚ ਮਾਨਵਵਾਦੀ' ਸੋਚ ਤੋਂ ਉਪਰ ਹੋਰ ਕੋਈ ਸੋਚ ਲਈ ਹੈ? ਇਸ ਲਈ ਸਮੁੱਚੇ ਤੌਰ 'ਤੇ ਇਹੀ ਕਿਹਾ ਜਾ ਸਕਦਾ ਹੈ ਕਿ 'ਮਜ਼ਹਬੀ ਕੱਟੜਵਾਦ ਹੀ ਸਿਖਾਤਾ ਹੈ ਆਪਸ ਮੇਂ ਵੈਰ ਰੱਖਨਾ'।

# ਔਰਤਾਂ ਨੂੰ ਸਜ਼ਾ ਕਿਉਂ?

**ਮਰਦ ਪ੍ਰਧਾਨ ਇਹ ਸਮਾਜ ਸੋਚਣਾ-ਸਮਝਣਾ ਹੀ ਨਹੀਂ ਚਾਹੁੰਦਾ ਕਿ ਔਰਤਾਂ ਨੂੰ ਅਸੁਰੱਖਿਆ ਦਾ ਮਾਹੌਲ ਦੇਣ ਤੋਂ ਬਿਨ੍ਹਾਂ ਇਹ ਔਰਤਾਂ ਦੀ ਮਨੋ-ਸਥਿਤੀ ਨੂੰ ਸਹਿਜ ਅਤੇ ਸਧਾਰਣ ਬਨਾਉਣ ਦੇ ਬਾਰੇ ਵੀ ਕਦੇ ਸੋਚੇ। ਇਹ ਕਿਸ ਤਰ੍ਹਾਂ ਦਾ ਸਮਾਜ ਹੈ, ਜਿਥੇ ਬਾਲੜੀਆਂ ਨੂੰ ਹੋਰ ਗਿਆਨ ਦੇਣ ਦੇ ਨਾਲ ਨਾਲ ਲੜਕਿਆਂ ਤੋਂ ਡਰਨਾ ਅਤੇ ਉਹਨਾ ਤੋਂ ਬਚਕੇ ਰਹਿਣਾ ਸਿਖਾਇਆ ਜਾਂਦਾ ਹੈ। ਇਸ ਆਧੁਨਿਕ ਯੁੱਗ 'ਚ ਔਰਤਾਂ, ਮਰਦਾਂ ਦੇ ਨਾਲ ਮੋਢੇ ਨਾਲ ਮੋਢਾ ਮਿਲਾਕੇ ਚਲਦੀਆਂ ਹਨ। ਅੱਜ ਦਾ ਉਹੀ ਸਮਾਜ ਅੱਗੇ ਹੈ, ਜਿਥੇ ਔਰਤ-ਮਰਦਾਂ ਦਾ ਸਹਿਜ ਸੁਭਾਵਕ ਵਰਤਾਰਾ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

**ਮੂਲ ਲੇਖਕ:- ਤਸਲੀਮਾ ਨਸਰੀਨ**
**ਅਨੁਵਾਦ:- ਗੁਰਮੀਤ ਪਲਾਹੀ**

ਅਫਰੀਕਾ ਵਿੱਚ ਕਿਧਰੇ-ਕਿਧਰੇ ਅੱਜ ਵੀ ਕੁਝ ਇਹੋ ਜਿਹੀ ਭੈੜੀਆਂ ਰੀਤਾਂ ਦਾ ਪਾਲਣ ਕੀਤਾ ਜਾਂਦਾ ਹੈ, ਜੋ ਭਿਆਨਕ ਹਨ। ਉਹਨਾ ਵਿੱਚ ਲੜਕੀਆਂ ਦਾ ਸੁੰਨਤ ਕੀਤਾ ਜਾਣਾ ਤਾਂ ਮੁੱਖ ਹੈ ਹੀ, ਬਾਲੜੀਆਂ ਨੂੰ ਇਸ ਤਰ੍ਹਾਂ ਸਰੀਰਕ ਕਸ਼ਟ ਦਿੱਤੇ ਜਾਂਦੇ ਹਨ ਕਿ ਜਿਸ ਨਾਲ ਉਹਨਾ ਦੀਆਂ ਛਾਤੀਆਂ ਦਾ ਵਾਧਾ ਨਾ ਹੋ ਸਕੇ। ਪਰੰਤੂ ਪ੍ਰੇਸ਼ਾਨ ਕਰਨ ਵਾਲੀ ਗੱਲ ਇਹ ਹੈ ਕਿ ਬਾਲੜੀਆਂ ਦਾ ਸਰੀਰਕ ਵਾਧਾ ਰੋਕਣ ਲਈ ਇਹ ਅਣਮਨੁੱਖੀ ਕਾਰਵਾਈ ਬਰਤਾਨੀਆ ਵਿੱਚ ਧੜੱਲੇ ਨਾਲ ਚੱਲ ਰਹੀ ਹੈ।

ਲੰਦਨ, ਯਾਰਕਸ਼ਾਇਰ, ਈਸੈਕਸ, ਵਿਸਟ ਮੈਡਲੈਂਡ, ਆਦਿ ਤੋਂ ਇਸ ਤਰ੍ਹਾਂ ਦੀਆਂ ਖ਼ਬਰਾਂ ਆ ਰਹੀਆਂ ਹਨ ਕਿ ਉਥੇ ਅਫਰੀਕੀ ਪ੍ਰੀਵਾਰਾਂ ਵਿੱਚ ਬਾਲੜੀਆਂ ਦੀਆਂ ਛਾਤੀਆਂ ਨੂੰ ਗਰਮ ਪੱਥਰ ਨਾਲ ਰਗੜਨ ਦੀ ਕਸ਼ਟਦਾਇਕ ਕਵਾਇਦ ਚਲ ਰਹੀ ਹੈ, ਤਾਂ ਕਿ ਛਾਤੀਆਂ ਦੀਆਂ ਕੋਸ਼ਿਕਾਵਾਂ ਜਲ ਜਾਣ ਜਾਂ ਟੁੱਟ ਜਾਣ। ਇਸ ਨੂੰ ਬਰਤਾਨੀਆ ਵਿੱਚ ਛਾਤੀਆਂ ਨੂੰ ਪ੍ਰੈਸ ਕਰਨਾ (ਬ੍ਰਿਸਟ ਆਇਰਨ) ਕਿਹਾ ਜਾ ਰਿਹਾ ਹੈ। ਹਰ ਹਫ਼ਤੇ ਜਾਂ ਹਰ ਦੂਜੇ ਹਫ਼ਤੇ ਅਫਰੀਕੀ ਬਾਲੜੀਆਂ ਨੂੰ ਇਹਨਾਂ ਕਸ਼ਟਦਾਇਕ ਤਜ਼ਰਬਿਆਂ ਵਿਚੋਂ ਲੰਘਣਾ ਪੈ ਰਿਹਾ ਹੈ। ਬਰਤਾਨੀਆਂ ਦੀ ਇੱਕ ਨਾਰੀਵਾਦੀ ਸੰਗਠਨ ਨੇ ਸਰਵੇ ਕੀਤਾ ਹੈ ਤੇ ਦੱਸਿਆ ਹੈ ਕਿ ਅਫਰੀਕੀ ਮੂਲ ਦੀਆਂ ਘੱਟੋ-ਘੱਟ 1000 ਬਾਲੜੀਆਂ ਨਾਲ ਇਹ ਅਣਮਨੁੱਖੀ ਕਾਰਾ ਹੋਇਆ ਹੈ।

ਲੜਕੀਆਂ ਉਤੇ ਮਨੁੱਖ ਯੋਨ ਅਤਿਆਚਾਰ ਨਾ ਕਰ ਸਕੇ, ਇਸ ਲਈ ਲੜਕੀਆਂ ਨੂੰ ਹੀ ਪੰਗੂ ਬਣਾ ਦੇਣਾ ਆਖਰ ਕਿਸ ਕਿਸਮ ਦੀ ਵਿਵਸਥਾ ਹੈ? ਇਸ ਨਾਲ ਸਰੀਰਕ ਨੁਕਸਾਨ ਤਾਂ ਹੁੰਦਾ ਹੀ ਹੈ, ਇਸਦਾ ਮਾਨਸਿਕ ਨੁਕਸਾਨ ਵੀ ਕੋਈ ਘੱਟ ਨਹੀਂ ਹੈ। ਬਾਲੜੀਆਂ ਉਤੇ ਇਹੋ ਜਿਹਾ ਜ਼ੁਲਮ ਉਹਨਾ ਦੀਆਂ ਮਾਵਾਂ ਜਾਂ ਨਾਨੀਆਂ ਹੀ ਕਰਦੀਆਂ ਹਨ।

ਮਾਵਾਂ-ਨਾਨੀਆਂ ਦੀ ਧਾਰਨਾ ਹੈ ਕਿ ਇਸ ਨਾਲ ਉਹਨਾ ਦੀਆਂ ਬੱਚੀਆਂ ਬਲਾਤਕਾਰੀਆਂ ਦਾ ਸ਼ਿਕਾਰ ਹੋਣ ਤੋਂ ਬਚ ਜਾਣਗੀਆਂ। ਪਰੰਤੂ ਸਵਾਲ ਇਹ ਹੈ ਕਿ ਯੋਨ ਅਤਿਆਚਾਰ ਉਤੇ ਰੋਕ ਲਗਾਉਣ ਦੇ ਲਈ ਜਾਂ ਔਰਤਾਂ ਦੇ ਵਿਰੁੱਧ ਮਰਦਾਂ ਦੇ ਜ਼ੁਲਮ ਜ਼ਬਰ ਨੂੰ ਰੋਕਣ ਲਈ ਸਾਡਾ ਸਮਾਜ ਮਰਦਾਂ ਦੇ ਵਿਰੁੱਧ ਕੋਈ ਕਾਰਵਾਈ ਕਿਉਂ ਨਹੀਂ ਕਰਦਾ? ਮਰਦਾਂ ਨੂੰ ਸਬਕ ਸਿਖਾਉਣ ਲਈ ਵੀ ਕੋਈ ਕਿਉਂ ਨਹੀਂ ਸੋਚਦਾ? ਆਪਣੇ ਆਪ ਨੂੰ ਬਚਾਉਣ ਲਈ ਹਮੇਸ਼ਾ ਲੜਕੀਆਂ ਦੇ ਨਾਲ ਹੀ ਅਪਮਾਨਜਨਕ, ਅਸੱਭਿਅਕ ਅਤੇ ਅਣਮਨੁੱਖੀ ਸਲੂਕ ਕਿਉਂ ਕੀਤਾ ਜਾਂਦਾ ਹੈ?

ਬਹੁਤ ਛੋਟੀ ਉਮਰ ਵਿੱਚ ਹੀ ਬਾਲੜੀਆਂ ਨੂੰ ਮਰਦਾਂ ਦੀਆਂ ਤਾੜਦੀਆਂ ਨਜ਼ਰਾਂ ਤੋਂ ਬਚਣ ਦੇ ਨੁਸਖ਼ੇ ਸਿਖਾ ਦਿੱਤੇ ਜਾਂਦੇ ਹਨ ਕਿ ਉਹਨਾ ਨੇ ਕਿਵੇਂ ਬੈਠਣਾ ਹੈ, ਕਿਵੇਂ ਚਲਣਾ ਹੈ, ਚੁੰਨੀ-ਦੁਪੱਟਾ ਕਿਵੇਂ ਸਿਰ ਤੇ ਰੱਖਣਾ ਹੈ ਆਦਿ। ਜਿਸ ਸਮਾਜ ਵਿੱਚ ਔਰਤਾਂ ਹਮੇਸ਼ਾ ਖ਼ੁਦ ਆਪ ਮਰਦਾਂ ਦੇ ਹਮਲੇ ਦੇ ਡਰ ਨਾਲ ਸਹਿਮੀਆਂ ਰਹਿਣ, ਕੀ ਉਹ ਅੱਛਾ ਅਤੇ ਆਦਰਸ਼ ਸਮਾਜ ਹੈ? ਮਰਦ ਕਲਪਨਾ ਵੀ ਨਹੀਂ ਕਰਨਾ ਚਾਹੁੰਦੇ ਕਿ ਇਸਦਾ ਔਰਤਾਂ ਦੀ ਮਾਨਸਿਕ ਹਾਲਤ ਉਤੇ ਕਿੰਨਾ ਬੁਰਾ ਅਸਰ ਪੈਂਦਾ ਹੈ? ਜੇਕਰ ਮਰਦਾਂ ਨੂੰ ਹਮੇਸ਼ਾ ਇਸ ਤਰ੍ਹਾਂ ਖ਼ੁਦ ਉਤੇ ਹਮਲੇ ਦਾ ਡਰ ਹੁੰਦਾ, ਤਾਂ ਕੀ ਇਹ ਸਮਾਜ ਉਹਨਾ ਲਈ ਆਦਰਸ਼ ਹੁੰਦਾ?

ਮਰਦ ਪ੍ਰਧਾਨ ਇਹ ਸਮਾਜ ਸੋਚਣਾ-ਸਮਝਣਾ ਹੀ ਨਹੀਂ ਚਾਹੁੰਦਾ ਕਿ ਔਰਤਾਂ ਨੂੰ ਅਸੁਰੱਖਿਆ ਦਾ ਮਾਹੌਲ ਦੇਣ ਤੋਂ ਬਿਨ੍ਹਾਂ ਇਹ ਔਰਤਾਂ ਦੀ ਮਨੋ-ਸਥਿਤੀ ਨੂੰ ਸਹਿਜ ਅਤੇ ਸਧਾਰਣ ਬਨਾਉਣ ਦੇ ਬਾਰੇ ਵੀ ਕਦੇ ਸੋਚੇ। ਇਹ ਕਿਸ ਤਰ੍ਹਾਂ ਦਾ ਸਮਾਜ ਹੈ, ਜਿਥੇ ਬਾਲੜੀਆਂ ਨੂੰ ਹੋਰ ਗਿਆਨ ਦੇਣ ਦੇ ਨਾਲ ਨਾਲ ਲੜਕਿਆਂ ਤੋਂ ਡਰਨਾ ਅਤੇ ਉਹਨਾ ਤੋਂ ਬਚਕੇ ਰਹਿਣਾ ਸਿਖਾਇਆ ਜਾਂਦਾ ਹੈ। ਇਸ ਆਧੁਨਿਕ ਯੁੱਗ 'ਚ ਔਰਤਾਂ, ਮਰਦਾਂ ਦੇ ਨਾਲ ਮੋਢੇ ਨਾਲ ਮੋਢਾ ਮਿਲਾਕੇ ਚਲਦੀਆਂ ਹਨ। ਅੱਜ ਦਾ ਉਹੀ ਸਮਾਜ ਅੱਗੇ ਹੈ, ਜਿਥੇ ਔਰਤ-ਮਰਦਾਂ ਦਾ ਸਹਿਜ ਸੁਭਾਵਕ ਵਰਤਾਰਾ ਹੈ। ਜੋ ਸਮਾਜ ਔਰਤਾਂ ਨੂੰ ਪਿੱਛੇ ਧੱਕਣ 'ਚ ਯਕੀਨ ਰੱਖਦਾ ਹੈ, ਉਹ ਅੱਗੇ ਨਹੀਂ ਵਧਦਾ। ਪਰੰਤੂ ਹੈਰਾਨੀ ਦੀ ਗੱਲ ਇਹ ਹੈ ਕਿ ਬਰਤਾਨੀਆਂ ਜਿਹੇ ਦੇਸ਼ ਵਿੱਚ ਅਫਰੀਕੀ ਮੂਲ ਦੀਆਂ ਲੜਕੀਆਂ ਨਾਲ ਇਸ ਢੰਗ ਦਾ ਮੱਧ ਕਾਲੀਨ ਵੇਲਿਆਂ ਦਾ ਸਲੂਕ ਕੀਤਾ ਜਾਂਦਾ ਹੈ ਅਤੇ ਇਸਦੇ ਵਿਰੁੱਧ ਉਹੋ ਜਿਹਾ ਮਾਹੌਲ ਨਹੀਂ ਹੈ, ਜਿਹੋ ਜਿਹਾ ਹੋਣਾ ਚਾਹੀਦਾ ਹੈ।

"ਮੈਂ ਮਰਦ ਦੀ ਯੋਨੀ ਤੋਂ ਜਨਮ ਲਿਆ ਹੈ। ਫਿਰ ਮੈਨੂੰ ਆਪਣੇ ਕਿਸੇ ਅੰਗ ਦੇ ਲਈ ਸ਼ਰਮਿੰਦਾ ਕਿਉਂ ਹੋਣਾ ਪਵੇ"? ਔਰਤ ਹੋਣ ਦਾ ਜ਼ੁਲਮ ਲੜਕੀਆਂ ਨੂੰ ਪੈਦਾ ਹੋਣ ਦੇ ਨਾਲ ਹੀ ਕਿਉਂ ਭੁਗਤਣਾ ਚਾਹੀਦਾ ਹੈ? ਅਸਲੀਅਤ ਇਹ ਹੈ ਕਿ ਉਹ ਸਾਰੀ ਉਮਰ ਇਸਦਾ ਖਮਿਆਜਾ ਭੁਗਤਦੀ ਹੈ। ਬਾਲ ਖੁਲ੍ਹੇ ਕਿਉਂ ਹਨ, ਚਿਹਰਾ ਢੱਕਿਆ ਕਿਉਂ ਨਹੀਂ ਹੈ, ਚੱਲਦੇ ਹੋਏ ਸਿਰ ਝੁਕਿਆ ਕਿਉਂ ਨਹੀਂ ਹੈ, ਕਿਸੇ ਅਜ਼ਨਬੀ ਮਰਦ ਦੇ ਸਾਹਮਣੇ ਹੋਣ 'ਤੇ ਨਜ਼ਰਾਂ ਝੁਕੀਆਂ ਹੋਈਆਂ ਕਿਉਂ ਨਹੀਂ ਹਨ ਆਦਿ ਆਦਿ।

ਇਹ ਵੇਖਣ ਵਾਲੀ ਗੱਲ ਹੈ ਕਿ ਔਰਤਾਂ ਨਾਲ ਭੇਦਭਾਵ ਤੇਜ਼ੀ ਨਾਲ ਇੱਕ ਸੂਬੇ ਤੋਂ ਦੂਜੇ ਸੂਬੇ ਤੱਕ, ਇੱਕ ਦੇਸ਼ ਤੋਂ ਦੂਜੇ ਦੇਸ਼ ਵਿੱਚ ਅਤੇ ਇੱਕ ਮਹਾਂਦੀਪ ਤੋਂ ਦੂਜੇ ਮਹਾਂਦੀਪ ਵਿੱਚ ਫੈਲਦਾ ਜਾ ਰਿਹਾ ਹੈ। ਵੇਖਣ ਅਤੇ ਵਿਚਾਰ ਕਰਨ ਵਾਲੀ ਗੱਲ ਇਹ ਵੀ ਹੈ ਕਿ ਸਭਿਅਕ ਅਤੇ ਵਿਕਸਤ ਕਹੇ ਜਾਣ ਵਾਲੇ ਦੇਸ਼ਾਂ ਵਿੱਚ ਅਵਿਕਸਤ ਅਤੇ ਪੱਛੜੇ ਦੇਸ਼ਾਂ ਦੀਆਂ ਭੈੜੀਆਂ ਰੀਤਾਂ ਜਿਸ ਤਰ੍ਹਾਂ ਫੈਲਣ ਲੱਗੀਆਂ ਹਨ, ਉਸ ਤਰ੍ਹਾਂ ਪੱਛੜੇ ਦੇਸ਼ਾਂ ਵਿੱਚ ਵਿਕਸਤ ਦੇਸ਼ਾਂ ਜਿਹਾ ਮਾਨਵ ਹੱਕਾਂ ਦਾ ਵਰਤਾਰਾ, ਔਰਤਾਂ ਦੀ ਆਜ਼ਾਦੀ ਅਤੇ ਬਰਾਬਰ ਦੇ ਹੱਕ ਅਤੇ ਲੋਕਤੰਤਰ ਦੀਆਂ ਭਾਵਨਾਵਾਂ ਮਜ਼ਬੂਤ ਨਹੀਂ ਹੋ ਰਹੀਆਂ ਹਨ। ਇਹ ਆਪਾ ਵਿਰੋਧੀ ਵਰਤਾਰਾ ਕੀ ਦਰਸਾਉਂਦਾ ਹੈ? ਇਸ ਤੋਂ ਤਾਂ ਪਤਾ ਲੱਗਦਾ ਹੀ ਹੈ ਕਿ ਪੱਛਮ ਦੇ ਜੋ ਦੇਸ਼ ਨਾਗਰਿਕਾਂ ਨੂੰ ਆਜ਼ਾਦੀ ਦੇਣ ਅਤੇ ਉਹਨਾ ਦੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਦੇ ਲਈ ਜਾਣੇ ਜਾਂਦੇ ਹਨ, ਉਥੇ ਵੀ ਮੱਧ ਕਾਲੀਨ ਸੋਚ ਆਪਣੀ ਥਾਂ ਬਨਾਉਣ ਦੇ ਕਾਬਲ ਹੋ ਰਹੀ ਹੈ।

ਪੱਛਮ ਦੀਆਂ ਔਰਤਾਂ ਵਲੋਂ ਪੱਛੜੇ ਮੰਨੇ ਜਾਂਦੇ ਮੁਲਕਾਂ ਅਫਰੀਕੀ ਦੇਸ਼ਾਂ ਦੇ ਮਰਦਾਂ ਨਾਲ ਵਿਆਹ ਕਰਾਉਣ ਦੀਆਂ ਅਨੇਕਾਂ ਉਦਾਹਰਨਾਂ ਹਨ। ਬਲਕਿ ਪੱਛਮੀ ਸਮਾਜ ਵਿੱਚ ਵਿਆਹ ਕਰਨ ਤੋਂ ਬਾਅਦ ਅਨੇਕਾਂ ਪੱਛਮੀ ਔਰਤਾਂ ਵਲੋਂ ਬੁਰਕਾ ਅਤੇ ਹਿਜਾਬ ਦੀ ਵਰਤੋਂ ਦੀਆਂ ਉਦਾਹਰਨਾਂ ਵੀ ਸਾਹਮਣੇ ਹਨ। ਜੇਕਰ ਕਿਸੇ ਦਿਨ ਪਰੰਪਰਾਵਾਂ ਦੇ ਹਿਮਾਇਤੀ, ਲੜਕੀਆਂ ਦੀ (ਸੁੰਨਤ) ਕਰਾਏ ਜਾਣ ਦਾ ਸਮਰਥਨ ਕਰਨ ਲੱਗਣ ਤਾਂ ਹੈਰਾਨੀ ਨਹੀਂ ਹੋਏਗੀ। ਦੁਨੀਆਂ ਭਰ ਦੇ ਖੱਬੇ ਪੱਖੀ ਆਖ਼ਿਰ ਇਹ ਕਹਿੰਦੇ ਹੀ ਆਏ ਹਨ ਕਿ ਸਾਰੀਆਂ ਸੰਪਰਦਾਵਾਂ ਦੀਆਂ ਸੰਸਕ੍ਰਿਤੀਆਂ ਨੂੰ ਬਚਾਉਣ ਦੀ ਜ਼ਰੂਰਤ ਹੈ। ਸਾਨੂੰ ਕੀ ਇਹ ਵੀ ਮੰਨ ਨਹੀਂ ਲੈਣਾ ਚਾਹੀਦਾ ਕਿ ਸਾਰੀਆਂ ਸੰਸਕ੍ਰਿਤੀਆਂ ਨੂੰ ਸੰਸਕ੍ਰਿਤੀ ਦੇ ਨਾਮ ਤੇ ਸਾਰੀਆਂ ਭੈੜੀਆਂ ਰੀਤਾਂ ਨੂੰ ਮੰਨ ਹੀ ਨਹੀਂ ਲਿਆ ਜਾ ਸਕਦਾ? ਮੋਢੇ ਨਾਲ ਮੋਢਾ ਮਿਲਾਕੇ ਚੱਲਣ ਦੀ ਸੰਸਕ੍ਰਿਤੀ ਅਤੇ ਯੋਨੀ ਦੀ ਸੁੰਨਤ ਦੀ ਭੈੜੀ ਰੀਤ ਨੂੰ ਭਲਾ ਇੱਕ ਕਿਵੇਂ ਮੰਨਿਆ ਜਾ ਸਕਦਾ ਹੈ।

ਔਰਤ ਵਿਰੋਧੀ ਭੈੜੀਆਂ ਰੀਤਾਂ ਨੂੰ ਔਰਤ ਵਿਰੋਧੀ ਕੁਝ ਸਮਾਜ ਜਿਵੇਂ ਦੀ ਤਿਵੇਂ ਰੱਖਣਾ ਚਾਹੁੰਦੇ ਹਨ ਤਾਂ ਅਸੀਂ ਉਸਦੀ ਹਿਮਾਇਤ ਨਹੀਂ ਕਰ ਸਕਦੇ। ਬਲਕਿ ਇਹੋ ਜਿਹੀਆਂ ਔਰਤ-ਵਿਰੋਧੀ, ਮਨੁੱਖਤਾ ਵਿਰੋਧੀ ਭੈੜੀਆਂ ਰੀਤਾਂ ਦੇ ਵਿਰੁੱਧ ਅੰਦੋਲਨ ਕਰਨ ਦੀ ਜ਼ਰੂਰਤ ਹੈ। ਅਸੀਂ ਇਹ ਭੁੱਲ ਨਹੀਂ ਸਕਦੇ ਕਿ ਦੁਨੀਆਂ ਦੇ ਜਿਆਦਾਤਰ ਦੇਸ਼ਾਂ ਵਿੱਚ ਅੱਜ ਵੀ ਔਰਤ ਵਿਰੋਧੀ ਬਹੁਤ ਸਾਰੀਆਂ ਭੈੜੀਆਂ ਰੀਤਾਂ ਅਤੇ ਰਿਵਾਜ ਲੋਕਾਂ ਦੀ ਸੋਚ ਵਿੱਚ ਮੌਜੂਦ ਹਨ ।

ਸਭਿਅਕ ਅਤੇ ਅਧੁਨਿਕ ਹੋਣ ਦੇ ਲਈ ਔਰਤਾਂ ਨੂੰ ਬਰਾਬਰ ਦੇ ਹੱਕ ਦੇਣ ਦੀ ਸੋਚ ਉਤੇ ਸਾਨੂੰ ਯਕੀਨ ਕਰਨਾ ਹੀ ਹੋਏਗਾ। ਅਸਲ ਵਿੱਚ ਆਧੁਨਿਕ ਹੋਣ ਦੇ ਲਈ ਔਰਤ-ਵਿਰੋਧੀ ਸੋਚ ਅਤੇ ਭੈੜੀਆਂ ਰੀਤਾਂ ਉਤੇ ਪਾਬੰਦੀ ਲਾਏ ਬਿਨ੍ਹਾਂ ਕੋਈ ਚਾਰਾ ਹੀ ਨਹੀਂ ਹੈ।

# 2019-20 ਦਾ ਅੰਤ੍ਰਿਮ ਕੇਂਦਰੀ ਬਜਟ ਅਤੇ ਖੇਤੀਬਾੜੀ ਸੰਕਟ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

1 ਫਰਵਰੀ, 2019 ਨੂੰ ਮੁਲਕ ਦੇ ਕਾਰਜਕਾਰੀ ਵਿੱਤ ਮੰਤਰੀ ਪਿਊਸ਼ ਗੋਇਲ ਨੇ ਕੇਂਦਰ ਸਰਕਾਰ ਦਾ 2019-20 ਦਾ ਅੰਤ੍ਰਿਮ ਬਜਟ ਲੋਕ ਸਭਾ ਵਿਚ ਪੇਸ਼ ਕੀਤਾ। ਐਨ.ਡੀ.ਏ ਸਰਕਾਰ ਦਾ ਇਹ ਛੇਵਾਂ ਬਜਟ ਅਤੇ ਲੋਕ ਸਭਾ ਦੀਆਂ ਜਲਦੀ ਹੋਣ ਵਾਲੀਆਂ ਚੋਣਾਂ ਕਾਰਨ ਇਹ ਬਜਟ ਅੰਤ੍ਰਿਮ ਹੋਣਾ ਸੀ, ਪਰ ਜਿਸ ਤਰ੍ਹਾਂ ਦੀਆਂ ਤਜਵੀਜ਼ਾਂ ਨਾਲ ਇਹ ਪੇਸ਼ ਕੀਤਾ ਗਿਆ ਇਹ ਪੂਰੇ ਬਜਟ ਤੋਂ ਅੱਗੇ ਜਾ ਕੇ ਆਉਣ ਵਾਲੇ ਦਹਾਕਿਆਂ ਬਾਰੇ ਸਰਕਾਰੀ ਦਾਅਵਿਆਂ ਦਾ ਇੱਕ ਚਿੱਠਾ ਹੋ ਨਿਬੜਿਆ। ਪਿਛਲੇ ਲੰਬੇ ਸਮੇਂ, ਖ਼ਾਸ ਕਰਕੇ 1991 ਦੌਰਾਨ ਮੁਲਕ ਵਿਚ ਅਪਣਾਈਆਂ ਗਈਆਂ 'ਨਵੀਆਂ ਆਰਥਿਕ ਨੀਤੀਆਂ' ਤੋਂ ਬਾਅਦ, ਭਾਰਤ ਦਾ ਖੇਤੀਬਾੜੀ ਖੇਤਰ ਇੱਕ ਗੰਭੀਰ ਖੇਤੀਬਾੜੀ ਸੰਕਟ ਵਿਚੋਂ ਲੰਘ ਰਿਹਾ ਹੈ ਜਿਸ ਨੂੰ ਪ੍ਰਮੁੱਖ ਤੌਰ ਉੱਤੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੁਆਰਾ ਹੰਢਾਈਆਂ ਜਾ ਰਹੀਆਂ ਤੰਗੀਆਂ-ਤੁਰਸ਼ੀਆਂ ਅਤੇ ਉਨ੍ਹਾਂ ਵਿਚੋਂ ਉਪਜੀਆਂ ਸਮੱਸਿਆਵਾਂ, ਖੇਤੀਬਾੜੀ ਖੇਤਰ ਲਈ ਯਕੀਨੀ ਸਿੰਚਾਈ ਅਤੇ ਧਰਤੀ ਹੇਠਲੇ ਪਾਣੀ ਦੇ ਗਿਰ ਰਹੇ ਪੱਧਰ; ਅਤੇ ਵਾਤਾਵਰਨ ਦੇ ਗੰਧਲੇਪਣ ਦੇ ਸੰਬੰਧ ਵਿਚ ਦੇਖਿਆ ਜਾ ਰਿਹਾ ਹੈ।

ਮੁਲਕ ਦੇ ਹੁਕਮਰਾਨਾਂ ਦੁਆਰਾ ਖੇਤੀਬਾੜੀ ਖੇਤਰ ਨੂੰ ਕਾਰਪੋਰੇਟ ਜਗਤ ਦੇ ਸੰਪੂਰਨ ਕਬਜ਼ੇ ਵਿਚ ਕਰਨ ਲਈ ਬਣਾਈਆਂ ਅਤੇ ਲਾਗੂ ਕੀਤੀਆਂ ਗਈਆਂ ਅਤੇ ਕੀਤੀਆਂ ਜਾ ਰਹੀਆਂ ਨੀਤੀਆਂ ਦੇ ਨਤੀਜੇ ਵਜੋਂ ਖੇਤੀਬਾੜੀ ਖੇਤਰ ਨਾਲ ਸੰਬੰਧਿਤ ਵੱਖ ਵੱਖ ਵਰਗਾਂ ਦੀਆਂ ਵਧ ਰਹੀਆਂ ਸਮੱਸਿਆਵਾਂ ਅਤੇ ਉਨ੍ਹਾਂ ਵਿਚੋਂ ਉਪਜੇ ਰੋਹ ਅਤੇ ਸੰਘਰਸ਼ਾਂ ਦੇ ਨਤੀਜੇ ਵਜੋਂ ਹਾਲ ਵਿਚ ਹੀ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤਸੀਗੜ੍ਹ ਸੂਬਿਆਂ ਦੀਆਂ ਅਸੈਂਬਲੀ ਚੋਣਾਂ ਵਿਚ ਭਾਜਪਾ ਦੀ ਹਾਰ ਅਤੇ ਬਹੁਤ ਜਲਦੀ ਲੋਕ ਸਭਾ ਦੀਆਂ ਹੋਣ ਵਾਲੀਆਂ ਚੋਣਾਂ ਕਾਰਨ ਕਿਸਾਨਾਂ ਦੀਆਂ ਸਮੱਸਿਆਵਾਂ ਇਕ ਮੁੱਖ ਮੁੱਦਾ ਬਣ ਗਈਆ ਹਨ। ਅੰਤ੍ਰਿਮ ਕੇਂਦਰੀ ਬਜਟ ਪੇਸ਼ ਹੋਣ ਤੋਂ ਪਹਿਲਾਂ ਮੁਲਕ ਦੇ ਕਿਸਾਨ ਕਾਫ਼ੀ ਉਮੀਦਾਂ ਲਾਈ ਬੈਠੇ ਸਨ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਕੋਈ ਸਾਰਥਿਕ ਹੱਲ ਹੋਵੇਗਾ।

ਅੰਤ੍ਰਿਮ ਕੇਂਦਰੀ ਬਜਟ ਦੇ ਪੇਸ਼ ਹੋਣ ਤੋਂ ਬਾਅਦ ਕਿਸਾਨਾਂ ਦੁਆਰਾ ਉਨ੍ਹਾਂ ਦੀ ਜਿੰਦਗੀ ਨੂੰ ਬਿਹਤਰ ਬਣਾਉਣ ਦੀਆਂ ਉਮੀਦਾਂ ਖੰਭ ਲਾ ਕੇ ਉਡ ਗਈਆਂ। ਇਸ ਬਜਟ ਦੀ ਇਕ ਤਜਵੀਜ਼ ਅਨੁਸਾਰ ਮੁਲਕ ਦੇ ਸੀਮਾਂਤ ਅਤੇ ਛੋਟੇ ਕਿਸਾਨਾਂ (ਪੰਜ ਏਕੜ ਤੱਕ ਜ਼ਮੀਨ ਦੇ ਮਾਲਕ) ਨੂੰ 2000 ਹਜ਼ਾਰ ਦੀਆਂ ਤਿੰਨ ਕਿਸਤਾਂ ਵਿਚ 6000 ਰੁਪਏ ਸਲਾਨਾ ਦੀ ਸਿੱਧੀ ਆਰਥਿਕ ਮਦਦ ਦਿੱਤੀ ਜਾਵੇਗੀ। ਇਹ ਆਰਥਿਕ ਮਦਦ 500 ਰੁਪਏ ਪ੍ਰਤਿ ਮਹੀਨਾ, ਪ੍ਰਤਿ ਕਿਸਾਨ ਪਰਿਵਾਰ ਅਤੇ ਸਿਰਫ਼ 3 ਰੁਪਏ 29 ਪੈਸੇ ਪ੍ਰਤਿ ਕਿਸਾਨ ਪਰਿਵਾਰ ਜੀਅ, ਪ੍ਰਤਿ ਦਿਨ ਬਣਦੀ ਹੈ। ਸਿਰਫ਼ 3 ਰੁਪਏ 29 ਪੈਸੇ ਦੀ ਕੇਂਦਰ ਸਰਕਾਰ ਦੀ ਆਰਥਿਕ ਮਦਦ ਨਾਲ ਇਕ ਕਿਸਾਨ ਪਰਿਵਾਰ ਦਾ ਇਕ ਜੀਅ ਜਿੱਥੇ ਸਿਰਫ਼ ਇਕ ਡੰਗ ਦੀ ਰੋਟੀ ਖਾਣ ਬਾਰੇ ਵੀ ਨਹੀਂ ਸੋਚ ਸਕਦਾ, ਉੱਥੇ ਇਹ ਵੀ ਸੋਚਣਾ ਬਣਦਾ ਹੈ ਕਿ ਇੰਨੀ ਅਪਮਾਨਜਨਕ ਮਦਦ ਵਿਚ ਇਕ ਰੋਟੀ ਵੀ ਆ ਸਕਦੀ ਹੈ?

ਮੁਲਕ ਦੇ ਖੇਤੀਬਾੜੀ ਨਾਲ ਸੰਬੰਧਿਤ ਵੱਖ ਵੱਖ ਵਰਗਾਂ ਨੂੰ ਕੇਂਦਰ ਸਰਕਾਰ ਤੋਂ ਬਹੁਤ ਉਮੀਦਾਂ ਸਨ ਕਿਉਂਕਿ ਭਾਵੇਂ ਕਹਿਣ ਨੂੰ ਤਾਂ ਖੇਤੀਬਾੜੀ ਸੂਬਿਆਂ ਦਾ ਵਿਸ਼ਾ ਹੈ, ਪਰ ਅਸਲੀਅਤ ਵਿਚ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੇ ਤੈਅ ਕਰਨ, ਖੇਤੀਬਾੜੀ ਉਤਪਾਦਨ ਲਈ ਵਰਤੇ ਜਾਣ ਵਾਲੇ ਸਾਧਨਾਂ ਦੀਆਂ ਕੀਮਤਾਂ ਉੱਪਰ ਨਿਰੰਤਰ ਕਰਨ ਜਾਂ ਉਨ੍ਹਾਂ ਨੂੰ ਬੇਲਗਾਮ ਮੰਡੀ ਦੇ ਹਵਾਲੇ ਕਰਨ, ਖੇਤੀਬਾੜੀ ਜਿਨਸਾਂ ਦੀਆਂ ਬਰਾਮਦ ਅਤੇ ਦਰਾਮਦ ਨੀਤੀਆਂ ਬਣਾਉਣ, ਖੇਤੀਬਾੜੀ ਲਈ ਵਿੱਤ ਉਪਲਬਧ ਕਰਵਾਉਣ ਲਈ ਸੰਸਥਾਗਤ ਵਿੱਤੀ ਸੰਸਥਾਵਾਂ ਉੱਪਰ ਕੰਟਰੋਲ ਆਦਿ ਕੇਂਦਰ ਸਰਕਾਰ ਦੇ ਹੱਥਾਂ ਵਿਚ ਹੋਣ ਕਾਰਨ ਖੇਤੀਬਾੜੀ ਨੀਤੀਆਂ ਕੇਂਦਰ ਸਰਕਾਰ ਦੁਆਰਾ ਹੀ ਬਣਾਈਆਂ ਜਾਂਦੀਆਂ ਹਨ। ਹੁਣ 6000 ਰੁਪਏ ਸਲਾਨਾ ਦੀ ਆਰਥਿਕ ਮਦਦ ਦੀ ਪਹਿਲੀ 2000 ਰੁਪਏ ਦੀ ਕਿਸਤ 1 ਦਸੰਬਰ, 2018 ਤੋਂ ਸ਼ੁਰੂ ਹੋ ਕੇ 31 ਮਾਰਚ, 2019 ਨੂੰ ਦੇਣ ਯੋਗ ਹੋ ਜਾਵੇਗੀ। ਸ਼ਾਇਦ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਬਜਟ ਤਾਂ ਹਾਲੇ ਪਾਰਲੀਮੈਂਟ ਵੱਲੋਂ ਪਾਸ ਵੀ ਨਹੀਂ ਹੋਇਆ, ਪਰ ਇਹ ਮਦਦ 1 ਦਸੰਬਰ, 2018 ਤੋਂ ਹੀ ਸ਼ੁਰੂ ਹੋ ਜਾਵੇਗੀ। ਇਹ ਗਿਰ ਰਹੇ ਰਾਜਸੀ ਨੈਤਿਕਤਾ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਸੰਬੰਧ ਵਿਚ ਹੋਰ ਬਹੁਤ ਸਾਰੀਆਂ ਔਕੜਾਂKਕਮੀਆਂ ਵੀ ਹਨ। ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਪਛਾਣ ਉਨ੍ਹਾਂ ਦੀ ਜ਼ਮੀਨ ਮਾਲਕੀ ਦੇ ਆਧਾਰ ਉੱਪਰ ਕੀਤੀ ਜਾਵੇਗੀ। ਮੁਲਕ ਵਿਚ ਕਿਸਾਨ ਪਰਿਵਾਰਾਂ ਦੀ ਜ਼ਮੀਨ ਦੀ ਮਾਲਕੀ ਪਰਿਵਾਰ ਦੇ ਮੁਖੀ ਦੇ ਨਾਮ ਹੁੰਦੀ ਹੈ। ਜਦੋ ਕਿਸਾਨ ਦੇ ਬੱਚੇ ਵੱਡੇ ਹੋ ਕੇ ਅੱਡ ਪਰਿਵਾਰ ਬਣਾ ਕੇ ਆਪਣੀ ਖੇਤੀਬਾੜੀ ਆਪ ਕਰਨ ਲੱਗਦੇ ਹਨ ਤਾਂ ਵੀ ਜ਼ਮੀਨ ਦੀ ਮਾਲਕੀ ਘਰ ਦੇ ਬਜ਼ੁਰਗ ਦੇ ਨਾਮ ਹੀ ਰਹਿੰਦੀ ਹੈ। ਇਸ ਤਰ੍ਹਾਂ ਜੇਕਰ ਇਕ ਕਿਸਾਨ ਕੋਲ 6 ਏਕੜ ਜ਼ਮੀਨ ਹੈ ਅਤੇ ਉਸ ਕਿਸਾਨ ਦੇ ਮੁੰਡੇKਬੱਚੇ ਉਸ ਨਾਲੋਂ ਅੱਡ ਹੋ ਕੇ 2-2 ਏਕੜ ਉੱਪਰ ਖੇਤੀਬਾੜੀ ਕਰਦੇ ਹਨ ਤਾਂ ਇਨ੍ਹਾਂ ਤਿੰਨਾਂ ਜੀਆਂ ਵਿੱਚੋਂ ਕਿਸੇ ਨੂੰ ਆਰਥਿਕ ਮਦਦ ਨਹੀਂ ਮਿਲੇਗੀ। ਮੁਲਕ ਦੇ ਹੁਕਮਰਾਨਾਂ ਦੁਆਰਾ ਕਾਰਪੋਰੇਟ ਜਗਤ ਪੱਖੀ ਬਣਾਈਆਂ ਅਤੇ ਲਾਗੂ ਕੀਤੀਆਂ ਜਾਂਦੀਆਂ ਆਰਥਿਕ ਨੀਤੀਆਂ ਕਾਰਨ ਕਿਸਾਨਾਂ ਨੂੰ ਦੁਦਕਾਰਿਆ ਅਤੇ ਉਜਾੜਿਆ ਜਾ ਰਿਹਾ ਹੈ। ਇਨ੍ਹਾਂ ਉਜਾੜੇ ਹੋਏ ਕਿਸਾਨਾਂ ਵਿਚੋਂ ਜਿਨ੍ਹਾਂ ਨੂੰ ਉਦਯੋਗਿਕ ਅਤੇ ਸੇਵਾਵਾਂ ਖੇਤਰਾਂ ਵਿਚ ਕੰਮ ਨਹੀਂ ਮਿਲਦਾ ਤਾਂ ਉਹ ਠੇਕੇ/ਵਟਾਈ ਉੱਪਰ ਖੇਤੀਬਾੜੀ ਕਰਨ ਵਾਲੇ ਮੁਜ਼ਾਰੇ/ਕਿਸਾਨ ਹੁੰਦੇ ਹਨ। ਇਹ ਮੁਜ਼ਾਰੇKਕਿਸਾਨ ਇਸ ਆਰਥਿਕ ਮਦਦ ਦੇ ਹੱਕਦਾਰ ਨਹੀਂ ਹੋ ਸਕਣਗੇ। ਖੇਤੀਬਾੜੀ ਕਰਨ ਵਾਲੇ ਵਰਗਾਂ ਵਿਚੋਂ ਸਭ ਤੋਂ ਮਾੜੀ ਹਾਲਤ ਮੁਜ਼ਾਰਿਆਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੈ ਕਿਉਂਕਿ ਉਨ੍ਹਾਂ ਕੋਲ ਤਾਂ ਆਪਣੀ ਕੋਈ ਜ਼ਮੀਨ ਹੀ ਨਹੀਂ ਹੁੰਦੀ। ਖੇਤੀਬਾੜੀ ਖੇਤਰ ਵਿਚ ਲਗਾਤਾਰ ਵਧ ਰਹੇ ਮਸ਼ੀਨੀਕਰਨ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਨੇ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੇ ਰੁਜ਼ਗਾਰ ਦੇ ਦਿਨ ਬਹੁਤ ਘਟਾ ਦਿੱਤੇ ਹਨ। ਇਸ ਦੇ ਨਾਲ ਨਾਲ ਤਕਨੀਕੀ ਵਿਕਾਸ ਅਤੇ ਖ਼ਪਤਕਾਰਾਂ ਦੀਆਂ ਬਦਲਦੀਆਂ ਰੁਚੀਆਂ ਨੇ ਛੋਟੇ ਪੇਂਡੂ ਕਾਰੀਗਰਾਂ ਦੀ ਪਹਿਲਾਂ ਤੋਂ ਹੀ ਛੋਟੀ ਆਰਥਿਕਤਾ ਨੂੰ ਹੋਰ ਢਾਹ ਲਾਈ ਹੈ।



ਐਨ.ਡੀ.ਏ. ਦੀ ਕੇਂਦਰ ਸਰਕਾਰ ਨੇ 2016 ਵਿਚ 5 ਸਾਲਾਂ ਵਿਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਐਲਾਨ ਕੀਤਾ ਸੀ। ਉਸਨੂੰ 3 ਸਾਲ ਬੀਤ ਗਏ ਹਨ। ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਵਿਚ ਕੀਤੇ ਮਾਮੂਲੀ ਵਾਧੇ, ਖੇਤੀਬਾੜੀ ਲਈ ਲੋੜੀਂਦੇ ਸਾਧਨਾਂ ਦੀਆਂ ਕੀਮਤਾਂ ਵਿਚ ਕੀਤੇ ਅਥਾਹ ਵਾਧੇ, ਮੰਡੀਆਂ ਵਿਚ ਕਿਸਾਨਾਂ ਦੀਆਂ ਜਿਨਸਾਂ ਦੀਆਂ ਗ਼ੈਰ-ਵਾਜਬ ਕੀਮਤਾਂ ਮਿਲਣ, ਕਿਸਾਨਾਂ ਦੁਆਰਾ ਨਿੱਤ-ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਦੇ ਲਗਾਤਾਰ ਵਧਦੇ ਜਾਣ ਕਾਰਨ ਖੇਤੀਬਾੜੀ ਥੋਕ ਕੀਮਤ ਸੂਚਕ ਅੰਕ ਦੇ ਗਿਰਨ ਅਤੇ ਖ਼ਪਤਕਾਰ ਕੀਮਤ ਸੂਚਕ ਦੇ ਉੱਪਰ ਵੱਲ ਜਾਣ ਦੇ ਨਤੀਜੇ ਵਜੋਂ ਪਿਛਲੇ 3 ਸਾਲਾਂ ਦੌਰਾਨ ਕਿਸਾਨਾਂ ਦੀ ਸ਼ੁੱਧ ਆਮਦਨ ਥੱਲੇ ਵੱਲ ਨੂੰ ਆਈ ਹੈ। ਇਸ ਤਰ੍ਹਾਂ ਆਉਣ ਵਾਲੇ 2 ਸਾਲਾਂ ਵਿਚ ਇਹ ਕਿਵੇਂ ਦੁੱਗਣੀ ਹੋਵੇਗੀ? ਜੇਕਰ ਸਰਕਾਰ ਨੇ ਕੋਈ ਕਰਾਮਾਤ ਕਰਕੇ ਦੁੱਗਣੀ ਕਰ ਵੀ ਦਿੱਤੀ ਤਾਂ ਸੋਚਣਾ ਬਣਦਾ ਹੈ ਕਿ ਉਸ ਵਿਚ ਕੀ ਕਿਸਾਨਾਂ ਦੀਆਂ ਮੁਢਲੀਆਂ ਲੋੜਾਂ ਵੀ ਪੂਰੀਆਂ ਹੋ ਸਕਣਗੀਆਂ? ਅੰਤ੍ਰਿਮ ਬਜਟ ਵਿਚ ਫ਼ਸਲ ਬੀਮੇ ਦੀਆਂ ਪ੍ਰਾਪਤੀਆਂ ਬਾਰੇ ਜਿਕਰ ਕੀਤਾ ਗਿਆ ਹੈ। ਇਸ ਸੰਬੰਧ ਵਿਚ ਤੱਥ ਕੁਝ ਹੋਰ ਬੋਲਦੇ ਹਨ। ਫਸਲ ਬੀਮੇ ਦਾ ਪ੍ਰੀਮੀਅਮ ਦਾ ਬੋਝ ਕੇਂਦਰ ਸ ਰਕਾਰ, ਸੂਬਾ ਸਰਕਾਰਾਂ ਅਤੇ ਕਿਸਾਨਾਂ ਉੱਪਰ ਪਿਆ ਹੈ, ਪਰ ਇਸ ਦਾ ਬਹੁਤਾ ਵੱਡਾ ਫ਼ਾਇਦਾ ਸਰਮਾਏਦਾਰKਕਾਰਪੋਰੇਟ ਬੀਮਾਂ ਕੰਪਨੀਆਂ ਨੂੰ ਹੋਇਆ ਹੈ। ਪਿਛਲੇ 3 ਸਾਲਾਂ ਤੋਂ ਕੇਂਦਰ ਸਰਕਾਰ ਦੀਆਂ ਹਦਾਇਤਾਂ ਕਾਰਨ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਅੰਕੜੇ ਵੀ ਜਾਰੀ ਨਹੀਂ ਕੀਤੇ ਜਾ ਰਹੇ ਹਨ। ਇਹ ਕਿਹੜੀ ਪ੍ਰਾਪਤੀ ਹੈ? ਕਿਸਾਨਾਂ ਦੇ ਭਲੇ ਲਈ ਦੋ ਨਿੱਜੀ ਬਿਲ ਲੋਕ ਸਭਾ ਵਿਚ ਰੁਲ ਰਹੇ ਹਨ। ਇਕ ਬਿਲ ਦਾ ਸੰਬੰਧ ਕਿਸਾਨਾਂ ਨੂੰ ਉਨ੍ਹਾਂ ਦੀ ਉਤਪਾਦਨ ਲਾਗਤ ਤੋਂ ਡੇਢ ਗੁਣਾ ਮੁੱਲ ਦੇਣ ਦਾ ਅਤੇ ਦੂਜੇ ਬਿਲ ਦਾ ਸੰਬੰਧ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਕਰਜ਼ਾ ਮੁਆਫ਼ੀ ਨਾਲ ਹੈ। ਜੇਕਰ ਸਰਕਾਰ ਇਨ੍ਹਾਂ ਵਰਗਾਂ ਦਾ ਭਲਾ ਚਾਹੁੰਦੀ ਹੈ ਤਾਂ ਇਹ ਬਿਲ ਪਾਸ ਕਿਉਂ ਨਹੀਂ ਕੀਤੇ ਗਏ।

ਅੰਤ੍ਰਿਮ ਬਜਟ ਵਿਚ ਖੇਤੀਬਾੜੀ ਦੀਆਂ 22 ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਰਸ਼ਾਂ ਅਨੁਸਾਰ ਮਿਥਣ ਦਾ ਦਾਅਵਾ ਕੀਤਾ ਹੈ। ਇਸ ਸੰਬੰਧ ਵਿਚ ਪਹਿਲਾਂ ਹੀ ਸਾਹਮਣੇ ਆ ਚੁੱਕਿਆ ਹੈ ਕਿ ਇਹ ਦਾਅਵਾ ਹਕੀਕਤ ਤੋਂ ਕੋਰਾ ਹੈ। ਇਸ ਕਮਿਸ਼ਨ ਨੇ ਸੀ-2 ਲਾਗਤਾਂ ਨੂੰ ਆਧਾਰ ਬਣਾਉਣ ਦੀ ਸਿਫ਼ਾਰਸ਼ ਕੀਤੀ ਸੀ, ਜਦੋਂ ਕਿ ਸਰਕਾਰ ਨੇ ਏ2-ਐਫ.ਐਲ. ਨੂੰ ਆਧਾਰ ਬਣਾਉਣ ਦਾ ਦਾਅਵਾ ਕੀਤਾ ਹੈ। ਇਸ ਤੋਂ ਬਿਨਾਂ ਵੀ ਮੁਲਕ ਦੇ ਵੱਖ ਵੱਖ ਭਾਗਾਂ ਵਿਚ ਉਤਪਾਦਨ ਲਾਗਤਾਂ ਦਾ ਵਖਰੇਵਾਂ ਇਕ ਵੱਡੀ ਸਮੱਸਿਆ ਹੈ। ਇਸ ਬਜਟ ਵਿਚ ਫ਼ਸਲੀ-ਵਿਭਿੰਨਤਾ ਬਾਰੇ ਵੀ ਜ਼ਿਕਰ ਹੈ, ਪਰ ਪੰਜਾਬ ਅਤੇ ਹਰਿਆਣੇ ਵਰਗੇ ਸੂਬਿਆਂ ਦੇ ਸਿਰ ਧਾਨ ਦੀ ਫ਼ਸਲ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਤਹਿਤ ਮੜੀ ਹੋਈ ਹੈ ਜੋ ਕਿ ਅਨੇਕਾਂ ਸਮੱਸਿਆਵਾਂ ਨੂੰ ਜਨਮ ਦੇ ਰਹੀ ਹੈ।

ਆਜ਼ਾਦੀ ਦੇ 71 ਸਾਲਾਂ ਬਾਅਦ ਵੀ ਖੇਤੀਬਾੜੀ ਲਈ ਯਕੀਨੀ ਸਿੰਚਾਈ ਸਿਰਫ਼ 45 ਫ਼ੀਸਦ ਰਕਬੇ ਤੱਕ ਹੀ ਪਹੁੰਚ ਸਕੀ ਹੈ। ਮੁਲਕ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪੰਜਾਬ ਅਤੇ ਹਰਿਆਣੇ ਦੇ ਸਿਰ ਮੜ੍ਹੀ ਧਾਨ ਦੀ ਫ਼ਸਲ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਖ਼ਤਰਨਾਕ ਪੱਧਰ ਤੱਕ ਥੱਲੇ ਲੈ ਗਈ ਹੈ ਜਿਸ ਦੀ ਕੀਮਤ ਕਿਸਾਨਾਂ ਅਤੇ ਇੱਥੋਂ ਦੇ ਹੋਰ ਲੋਕਾਂ ਅਤੇ ਸਰਕਾਰਾਂ ਨੂੰ ਦੇਣੀ ਪੈ ਰਹੀ ਹੈ। ਮੁਲਕ ਵਿਚ ਅਪਣਾਏ ਗਏ ਗ਼ਲਤ ਫ਼ਸਲੀ ਚੱਕਰ ਅਤੇ ਰਸਾਇਣਾਂ ਦੀ ਬੇਰੋਕ ਵਰਤੋਂ ਵਾਤਾਵਰਨ ਨੂੰ ਗੰਧਲਾ ਕਰ ਰਹੀ ਹੈ ਜਿਸ ਦੀ ਕੀਮਤ ਸਾਰਿਆਂ ਨੂੰ ਦੇਣੀ ਪੈ ਰਹੀ ਹੈ।

ਖੇਤੀਬਾੜੀ ਜ਼ਿੰਦਗੀ ਦੀ ਜੀਵਨ-ਰੇਖਾ ਹੈ। ਇਸ ਨੂੰ ਚੱਲਦਾ ਰੱਖਣ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਸਾਰੇ ਵਰਗਾਂ ਨੂੰ ਇਨਸਾਫ਼ ਦੇਣਾ ਬੇਹੱਦ ਜ਼ਰੂਰੀ ਹੈ। ਇਸ ਲਈ ਮੁਲਕ ਵਿਚ ਲੋਕ ਅਤੇ ਕੁਦਰਤ ਪੱਖੀ ਆਰਥਿਕ ਮਾਡਲ ਅਪਣਾਉਣਾ ਬਹੁਤ ਜ਼ਰੂਰੀ ਹੈ, ਇਕੱਲੇ ਵਾਅਦਿਆਂ ਅਤੇ ਦਾਅਵਿਆਂ ਨਾਲ ਗੱਲ ਨਹੀਂ ਬਣਨੀ।

# ਅਕਾਲੀ-ਭਾਜਪਾ ਗਠਜੋੜ : ਮਜਬੂਰੀ ਦਾ : ਟੁੱਟੇ ਵੀ ਤਾਂ ਕਿਵੇਂ?



ਜਸਵੰਤ ਸਿੰਘ 'ਅਜੀਤ'
91-95827-198 90

ਬੀਤੇ ਦਿਨੀਂ ਮਹਾਰਾਸ਼ਟਰਾ ਸਰਕਾਰ ਵਲੋਂ ਤਖਤ ਸੱਚਖੰਡ ਹਜ਼ੂਰ ਸਾਹਿਬ ਨਾਂਦੇੜ ਦੇ ਪ੍ਰਬੰਧ ਨਾਲ ਸੰਬੰਧਤ ਕਾਨੂੰਨ ਵਿੱਚ ਸੋਧ ਕਰ, ਤਖਤ ਸਾਹਿਬ ਦੇ ਪ੍ਰਬੰਧਕੀ ਬੋਰਡ ਵਿੱਚ ਸਰਕਾਰੀ ਪ੍ਰਤੀਨਿਧੀਆਂ ਦੀ ਗਿਣਤੀ 2 ਤੋਂ ਵਧਾ 6 ਕਰ, ਪ੍ਰਬੰਧਕੀ ਬੋਰਡ ਪੁਰ ਆਪਣੀ ਪਕੜ ਮਜ਼ਬੂਤ ਕਰ ਲੈਣ ਦੀ ਕਥਤ ਸਾਜ਼ਿਸ਼ ਦੀ ਜੋ ਚਰਚਾ ਹੋਈ, ਉਸ ਵਿੱਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸ. ਮਨਜਿੰਦਰ ਸਿੰਘ ਸਿਰਸਾ ਵਲੋਂ ਇਸ ਸੋਧ ਦਾ ਤਿੱਖਾ ਵਿਰੋਧ ਕਰਦਿਆਂ, ਭਾਜਪਾ ਨਾਲੋਂ ਅਕਾਲੀ ਦਲ ਦਾ ਦਹਾਕਿਆਂ ਪੁਰਾਣਾ ਗਠਜੋੜ ਤੋੜ ਲਏ ਜਾਣ ਦੀ, ਧਮਕੀ ਦੇ ਦਿੱਤੀ ਗਈ, ਮੀਡੀਆ ਵਲੋਂ ਉਸ ਧਮਕੀ ਨੂੰ ਗੰਭੀਰਤਾ ਨਾਲ ਲੈਂਦਿਆਂ, ਬਾਦਲ ਅਕਾਲੀ ਦਲ ਅਤੇ ਭਾਜਪਾ ਵਿੱਚਲੇ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਚਲਦੇ ਆ ਰਹੇ ਨਹੁੰ-ਮਾਸ ਵਰਗੇ ਰਿਸ਼ਤੇ ਵਿੱਚ ਤਰੇੜਾਂ ਪੈਦਾ ਹੋ ਜਾਣ ਤੋਂ ਲੈ ਕੇ, ਉਸਦੇ ਟੁੱਟ ਜਾਣ ਦੇ ਕਿਨਾਰੇ ਪੁਜ ਜਾਣ ਦੀਆਂ ਭਵਿਖਬਾਣੀਆਂ ਕੀਤੀਆਂ ਜਾਣ ਲਗੀਆਂ ਪਈਆਂ ਸਨ। ਇਨ੍ਹਾਂ ਭਵਿਖ-ਬਾਣੀਆਂ ਦੇ ਚਲਦਿਆਂ ਹੀ ਅਚਾਨਕ ਹੀ ਖਬਰ ਆ ਗਈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਅਤੇ ਭਾਜਪਾ ਦੇ ਪ੍ਰਧਾਨ ਸ਼੍ਰੀ ਅਮਿਤ ਸ਼ਾਹ ਵਿੱਚਕਾਰ ਹੋਈ ਲੰਮੀ ਗਲਬਾਤ ਵਿੱਚ ਇਸ ਮਸਲੇ ਨੂੰ ਸੁਲਝਾ ਲਿਆ ਗਿਆ ਹੈ। ਇਸਦੇ ਨਾਲ ਹੀ ਸ. ਸੁਖਬੀਰ ਸਿੰਘ ਬਾਦਲ ਦਾ ਬਿਆਨ ਵੀ ਆ ਗਿਆ, ਜਿਸ ਵਿੱਚ ਉਨ੍ਹਾਂ ਦਾਅਵਾ ਕੀਤਾ ਹੋਇਆ ਸੀ ਕਿ ਬੀਤੇ ਕੁਝ ਸਮੇਂ ਤੋਂ ਅਕਾਲੀ-ਭਾਜਪਾ ਗਠਜੋੜ ਦੇ ਟੁੱਟ ਜਾਣ ਦੀਆਂ ਜੋ ਸੰਭਾਵਨਾਵਾਂ ਪ੍ਰਗਟ ਕੀਤੀਆਂ ਜਾ ਰਹੀਆਂ ਸਨ, ਉਹ ਹੁਣ ਮੁਕ-ਮੁਕਾ ਗਈਆਂ ਹਨ। ਉਨ੍ਹਾਂ ਅਨੁਸਾਰ ਮਹਾਰਾਸ਼ਟਰਾ ਦੇ ਮੁੱਖ ਮੰਤਰੀ ਨੇ ਭਰੋਸਾ ਦੁਆਇਆ ਹੈ ਕਿ ਸਰਕਾਰ ਨੇ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਨਾਲ ਸੰਬੰਧਤ ਕਾਨੂੰਨ ਵਿੱਚ ਸੋਧ ਕੀਤੇ ਜਾਣ ਦਾ ਜੋ ਫੈਸਲਾ ਕੀਤਾ ਸੀ, ਉਸਨੂੰ 'ਸਦਾ' ਲਈ ਠੰਡੇ ਬਸਤੇ ਵਿੱਚ ਪਾ ਦਿੱਤਾ ਗਿਆ ਹੈ।

ਇਸ ਸਥਿਤੀ ਪੁਰ ਆਪਣੀ ਪ੍ਰਤੀਕ੍ਰਿਆ ਦਿੰਦਿਆਂ ਪੰਜਾਬ ਦੀ ਜ਼ਮੀਨੀ ਰਾਜਨੀਤੀ ਨਾਲ ਜੁੜੇ ਚਲੇ ਆ ਰਹੇ ਰਾਜਸੀ ਮਾਹਿਰਾਂ ਦਾ ਕਹਿਣਾ ਹੈ ਕਿ ਬੀਤੇ ਵਰ੍ਹਿਆਂ ਤੋਂ, ਵਿਸ਼ੇਸ਼ ਕਰਕੇ ਸ. ਸੁਖਬੀਰ ਸਿੰਘ ਬਾਦਲ ਵਲੋਂ ਦਲ ਦੇ ਪ੍ਰਧਾਨ ਦੇ ਅਹੁਦੇ ਦੀਆਂ ਜ਼ਿਮੇਂਦਾਰੀਆਂ ਸੰਭਾਲਣ ਤੋਂ ਬਾਅਦ, ਕਈ ਵਾਰ ਅਕਾਲੀ-ਭਾਜਪਾ ਸੰਬੰਧਾਂ ਵਿੱਚ ਤਰੇੜਾਂ ਪੈਦਾ ਹੋਣ ਅਤੇ ਉਸਦੇ ਟੁੱਟ ਜਾਣ ਦੀਆਂ ਭਵਿਖ-ਬਾਣੀਆਂ ਹੁੰਦੀਆਂ ਚਲੀਆਂ ਆ ਰਹੀਆਂ ਹਨ। ਇਨ੍ਹਾਂ ਰਾਜਸੀ ਮਾਹਿਰਾਂ ਅਨੁਸਾਰ ਇਹ ਭਵਿਖ-ਬਾਣੀਆਂ ਉਨ੍ਹਾਂ ਰਾਜਨੀਤਕਾਂ ਵਲੋਂ ਕੀਤੀਆਂ ਜਾਂਦੀਆਂ ਹਨ, ਜੋ ਪੰਜਾਬ ਦੀ ਜ਼ਮੀਨੀ ਰਾਜਸੀ ਹਾਲਾਤ ਦੀ ਸੱਚਾਈ ਤੋਂ ਬਿਲਕੁਲ ਹੀ ਅਨਜਾਣ ਹਨ। ਉਹ ਦਸਦੇ ਹਨ ਕਿ ਲਗਭਗ ਦੋ-ਕੁ ਵਰ੍ਹੇ ਪਹਿਲਾਂ ਵੀ ਜ਼ੋਰਦਾਰ ਚਰਚਾ ਸੁਣਨ ਨੂੰ ਮਿਲਣ ਲਗ ਪਈ ਸੀ ਕਿ ਲੰਮੇਂ ਸਮੇਂ ਤੋਂ ਅਟੁੱਟ ਮੰਨਿਆ ਜਾਂਦਾ ਚਲਿਆ ਆ ਰਿਹਾ, ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਜਪਾ ਵਿਚਲਾ ਦਹਾਕਿਆਂ ਪੁਰਾਣਾ 'ਅਟੁੱਟ' ਗਠਜੋੜ ਟੁਟਣ ਕਿਨਾਰੇ ਆ ਪੁੱਜਾ ਹੈ। ਇਸਦੇ ਨਾਲ ਹੀ ਇਹ ਸੰਭਾਵਨਾ ਵੀ ਪ੍ਰਗਟ ਕੀਤੀ ਜਾਣ ਲਗ ਪਈ ਸੀ ਕਿ ਭਵਿਖ ਵਿੱਚ ਪੰਜਾਬ ਵਿੱਚ ਹੋਣ ਵਾਲੀਆਂ ਸਾਰੀਆਂ ਚੋਣਾਂ, ਭਾਵੇਂ ਲੋਕਸਭਾ ਦੀਆਂ ਹੋਣ ਜਾਂ ਵਿਧਾਨਸਭਾ ਦੀਆਂ ਜਾਂ ਸਥਾਨਕ ਕਾਰਪੋਰੇਸ਼ਨਾਂ ਆਦਿ ਦੀਆਂ, ਭਾਜਪਾ ਆਪਣੇ ਬੂਤੇ ਹੀ ਲੜੇਗੀ।

ਇਸਦੇ ਨਾਲ ਹੀ ਇਹ ਦਾਅਵਾ ਵੀ ਕੀਤਾ ਜਾਣ ਲਗਾ ਸੀ ਕਿ ਦਿੱਲੀ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਵੀ, ਭਾਵੇਂ ਉਹ ਨਗਰ ਨਿਗਮ ਦੀਆਂ ਹੋਣ ਜਾਂ ਵਿਧਾਨ ਸਭਾ ਦੀਆਂ, ਬਾਦਲ ਅਕਾਲੀ ਦਲ ਨੂੰ ਸੀਟਾਂ ਦੇਣ ਦੀ ਬਜਾਏ, ਭਾਜਪਾ ਆਪਣੀ ਪਾਰਟੀ ਦੇ ਹੀ ਸਿੱਖ ਮੁੱਖੀਆਂ ਨੂੰ, ਮੈਦਾਨ ਵਿਚ ਉਤਾਰੇਗੀ। ਇਸਦਾ ਤੁਰੰਤ ਕਾਰਣ ਇਹ ਦਸਿਆ ਗਿਆ ਕਿ ਭਾਜਪਾ ਦੀ ਸਹਿਯੋਗੀ ਸੰਸਥਾ ਆਰਐਸਐਸ ਦੇ ਸੈੱਲ ਰਾਸ਼ਟਰੀ ਸਿੱਖ ਸੰਗਤ ਵਲੋਂ ਦਿੱਲੀ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜਿਸ ਸਮਾਗਮ ਦਾ ਆਯੋਜਨ ਕੀਤਾ ਗਿਆ, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਦਿੱਲੀ ਇਕਾਈ ਅਤੇ ਉਸਦੀ ਸੱਤਾ-ਅਧੀਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖੀਆਂ ਨੇ ਉਸ ਨਾਲੋਂ ਨਾ ਕੇਵਲ ਆਪ ਦੂਰੀ ਬਣਾਈ, ਸਗੋਂ ਆਮ ਸਿੱਖਾਂ ਨੂੰ ਵੀ ਉਸ ਤੋਂ ਦੂਰੀ ਬਣਾਈ ਰਖਣ ਦਾ ਅਦੇਸ਼ ਜਾਰੀ ਕਰ ਦਿੱਤਾ। ਇਥੋਂ ਤਕ ਕਿ ਕਮੇਟੀ ਦੇ ਉਨ੍ਹਾਂ ਮੈਂਬਰਾਂ ਨੂੰ ਵੀ ਸਮਾਗਮ ਵਿੱਚ ਆਪਣੀ ਸ਼ਮੂਲੀਅਤ ਦਰਜ ਕਰਵਾਣ ਤੋਂ ਰੋਕ ਦਿੱਤਾ ਗਿਆ, ਜੋ ਕਿ ਭਾਜਪਾ ਦੇ ਪ੍ਰਤੀਨਿਧੀ ਵਜੋਂ ਵਿਧਾਇਕ ਅਤੇ ਪਾਰਸ਼ਦ ਚੁਣੇ ਗਏ ਹੋਏ ਹਨ। ਇਸ ਸੰਬੰਧ ਵਿੱਚ ਭਾਜਪਾ ਦੇ ਕੁਝ ਮੁੱਖੀਆਂ, ਵਿਸ਼ੇਸ਼ ਰੂਪ ਵਿੱਚ ਪੰਜਾਬ ਭਾਜਪਾ ਦੇ ਸੀਨੀਅਰ ਮੁੱਖੀਆਂ ਦੇ ਉਨ੍ਹਾਂ ਬਿਆਨਾਂ ਦਾ ਹਵਾਲਾ ਵੀ ਦਿੱਤਾ ਗਿਆ, ਜਿਨ੍ਹਾਂ ਵਿੱਚ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਰਸ਼ਟਰੀ ਸਿੱਖ ਸੰਗਤ ਦੇ ਸਮਾਗਮ ਦਾ ਬਾਈਕਾਟ ਕੀਤੇ ਜਾਣ ਪੁਰ ਨਰਾਜ਼ਗੀ ਪ੍ਰਗਟ ਕਰਦਿਆਂ, ਉਸ ਨਾਲੋਂ ਨਾਤਾ ਤੋੜ ਲੈਣ ਅਤੇ ਭਵਿੱਖ ਵਿੱਚ ਪੰਜਾਬ ਵਿੱਚ ਹੋਣ ਵਾਲੀਆਂ ਸਾਰੀਆਂ ਹੀ ਚੋਣਾਂ ਆਪਣੇ ਹੀ ਬੂਤੇ ਲੜਨ ਦਾ ਦਾਅਵਾ ਕੀਤਾ ਹੋਇਆ ਸੀ।

ਉਸ ਸਮੇਂ ਵੀ ਪੰਜਾਬ ਦੀ ਰਾਜਨੀਤੀ ਨਾਲ ਸੰਬੰਧਤ ਚਲੇ ਆ ਰਹੇ ਮਾਹਿਰਾਂ ਨੇ ਦਾਅਵਾ ਕੀਤਾ ਸੀ ਕਿ ਭਾਜਪਾ-ਅਕਾਲੀ ਗਠਜੋੜ ਦੇ ਟੁਟਣ ਦੀਆਂ ਸੰਭਾਵਨਾਵਾਂ ਪ੍ਰਗਟ ਕਰਦਿਆਂ, ਜੋ ਦਾਅਵੇ ਕੀਤੇ ਜਾ ਰਹੇ ਹਨ, ਉਹ ਰੋਸ (ਗੁੱਸੇ) ਵਿੱਚ ਪੈਦਾ ਹੋਏ ਜੋਸ਼ ਦਾ ਹੀ ਨਤੀਜਾ ਹਨ। ਇਨ੍ਹਾਂ ਮਾਹਿਰਾਂ ਅਨੁਸਾਰ ਅਜਿਹੀ ਸੰਭਾਵਨਾ ਉਹੀ ਲੋਕ ਪ੍ਰਗਟ ਕਰ ਰਹੇ ਹਨ, ਜੋ ਪੰਜਾਬ ਦੇ ਜ਼ਮੀਨੀ ਰਾਜਨੈਤਕ ਹਾਲਾਤ ਨੂੰ ਸਮਝ ਪਾਣ ਦੀ ਸਥਿਤੀ ਵਿੱਚ ਨਹੀਂ।

ਉਨ੍ਹਾਂ ਦਾ ਕਹਿਣਾ ਹੈ ਕਿ ਬੀਤੇ ਵਿੱਚ ਕਈ ਵਾਰ ਅਜਿਹੇ ਹਾਲਾਤ ਬਣੇ, ਜਿਨ੍ਹਾਂ ਦੇ ਚਲਦਿਆਂ ਇਸ ਗਠਜੋੜ ਦੇ ਟੁੱਟ ਜਾਣ ਦੇ ਦਾਅਵੇ ਕੀਤੇ ਜਾਂਦੇ ਰਹੇ। ਪ੍ਰੰਤੂ ਇਸ ਸਭ ਕੁਝ ਦੇ ਚਲਦਿਆਂ ਅਕਾਲੀ-ਭਾਜਪਾ ਗਠਜੋੜ ਨੇ ਨਾ ਟੁੱਟਣਾ ਸੀ ਅਤੇ ਨਾ ਹੀ ਉਹ ਟੁੱਟਾ। ਉਨ੍ਹਾਂ ਦਾ ਮੰਨਣਾ ਹੈ ਕਿ ਇਹ, ਅਕਾਲੀ-ਭਾਜਪਾ ਗਠਜੋੜ ਕਿਸੇ ਸਿਧਾਂਤ ਜਾਂ ਆਦਰਸ਼ ਦੀਆਂ ਨੀਹਾਂ ਪੁਰ ਆਧਾਰਤ ਨਹੀਂ, ਜੋ ਜ਼ਰਾ-ਕੁ ਝਟਕਾ ਲਗਦਿਆਂ ਹੀ ਟੁੱਟ ਜਾਏ। ਉਨ੍ਹਾਂ ਅਨੁਸਾਰ ਇਹ ਗਠਜੋੜ, ਪੰਜਾਬ ਦੇ ਰਾਜਸੀ ਹਾਲਾਤ ਦੇ ਚਲਦਿਆਂ, ਦੋਹਾਂ ਦੀਆਂ ਸਵਾਰਥ-ਅਧਾਰਤ ਮਜਬੂਰੀਆਂ ਦਾ ਨਤੀਜਾ ਹੈ। ਦੋਹਾਂ ਪਾਰਟੀਆਂ ਦੇ ਮੁੱਖੀ ਜਾਣਦੇ ਹਨ ਕਿ ਬਿਨਾ ਆਪਸੀ ਗਠਜੋੜ ਦੇ ਉਹ ਨਾ ਤਾਂ ਰਾਜ (ਪੰਜਾਬ) ਦੀ ਸੱਤਾ ਦੇ ਗਲਿਆਰਿਆਂ ਤਕ ਪਹੁੰਚ ਸਕਦੇ ਹਨ ਅਤੇ ਨਾ ਹੀ ਉਥੇ ਕੋਈ ਮਜ਼ਬੂਤ ਅਧਾਰ ਬਣਾ ਕੇ ਰਖ ਸਕਦੇ ਹਨ। ਉਨ੍ਹਾਂ ਅਨੁਸਾਰ ਭਾਵੇਂ ਦੋਹਾਂ ਪਾਰਟੀਆਂ ਦੇ ਮੁੱਖੀ ਦਾਅਵਾ ਕਰਦੇ ਰਹਿਣ ਕਿ ਉਨ੍ਹਾਂ ਦੀ ਪਾਰਟੀ ਧਰਮ-ਨਿਰਪੇਖ ਅਤੇ ਲੋਕਤਾਂਤ੍ਰਿਕ ਹੈ, ਪ੍ਰੰਤੂ ਸੱਚਾਈ ਇਹੀ ਹੈ ਕਿ ਉਨ੍ਹਾਂ ਦੀ ਰਾਜਨੀਤੀ ਵਿਸ਼ੇਸ਼ ਫਿਰਕਿਆਂ ਦੇ ਸਹਾਰੇ ਹੀ ਫਲਦੀ-ਫੁਲਦੀ ਹੈ। ਜਿਥੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਰਾਜਨੀਤੀ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਦੇ ਦਾਅਵੇ ਨਾਲ, ਉਨ੍ਹਾਂ ਦੇ ਹਿਤਾਂ-ਅਧਿਕਾਰਾਂ ਦੀ ਰਖਿਆ ਕਰਨ ਦੇ ਦਾਅਵਿਆਂ ਪੁਰ ਟਿੱਕੀ ਹੋਈ ਹੈ, ਉਥੇ ਹੀ ਭਾਜਪਾ ਦੀ ਰਾਜਨੀਤੀ ਹਿੰਦੂਆਂ ਦੀ ਪ੍ਰਤੀਨਿਧਤਾ ਕਰਨ ਦੇ ਸਹਾਰੇ ਪਨਪਦੀ ਹੈ।

**ਅਤੇ ਅੰਤ ਵਿੱਚ :** ਪੰਜਾਬ ਦੇ ਰਾਜਸੀ ਹਲਕੇ ਸਵੀਕਾਰ ਕਰਦੇ ਹਨ ਕਿ ਚੋਣਾਂ ਦੇ ਸਮੇਂ ਭਾਜਪਾ ਨੂੰ ਸਿੱਖਾਂ ਦੇ ਸਹਿਯੋਗ ਲਈ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਹਿੰਦੂਆਂ ਦੇ ਸਮਰਥਨ ਲਈ ਭਾਜਪਾ ਦੇ ਸਹਾਰੇ ਦੀ ਲੋੜ ਹੁੰਦੀ ਹੈ ਅਤੇ ਉਨ੍ਹਾਂ ਦੀ ਇਹ ਸਵਾਰਥ-ਸਿੱਧੀ, ਬਿਨਾਂ ਗੈਰ-ਸਿਧਾਂਤਕ ਗਠਜੋੜ ਤੋਂ ਦੇ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਹੋ ਸਕਦੀ। ਇਹੀ ਕਾਰਣ ਹੈ ਕਿ ਇਹ ਮੰਨ ਲੈਣਾ ਕਿ ਦੋਹਾਂ ਪਾਰਟੀਆਂ ਵਿੱਚ ਕਿਸੇ ਮੁੱਦੇ ਪੁਰ ਮਤਭੇਦ ਪੈਦਾ ਹੋ ਜਾਣ 'ਤੇ, ਇਹ (ਅਕਾਲੀ-ਭਾਜਪਾ) ਗਠਜੋੜ ਟੁੱਟ ਜਾਇਗਾ, ਹਵਾ ਵਿੱਚ ਤੀਰ ਚਲਾਣ ਦੇ ਸਮਾਨ ਹੈ।

# ਸਰਕਾਰੀ ਸਕੂਲਾਂ ਦੇ ਨਤੀਜੇ ਬਿਹਤਰ ਆਉਣ ਦੀ ਆਸ ਬੱਝੀ



ਚਮਨਦੀਪ ਸ਼ਰਮਾ
91-95010-33005

ਕਿਸੇ ਸੁਪਨੇ ਨੂੰ ਪੂਰਾ ਕਰਨ ਲਈ ਜਦ ਉਸਨੂੰ ਉਦੇਸ਼ ਵਿੱਚ, ਉਦੇਸ਼ ਨੂੰ ਵਿਉਂਤ ਵਿੱਚ, ਵਿਉਂਤ ਨੂੰ ਕੰਮ ਵਿੱਚ ਬਦਲਿਆ ਜਾਂਦਾ ਹੈ ਤਾਂ ਸੁਪਨਾ ਪੂਰਾ ਹੋਣ ਦੀ ਕਲਪਨਾ ਕੀਤੀ ਜਾ ਸਕਦੀ ਹੈ। ਇੱਕ ਚੰਗੀ ਯੋਜਨਾਬੰਦੀ ਤੇ ਕੰਮ ਕਰਨਾ ਸਫਲਤਾ ਦਾ ਮੂਲ ਮੰਤਰ ਹੁੰਦਾ ਹੈ।ਸਿੱਖਿਆ ਵਿਭਾਗ ਨੇ ਬੋਰਡ ਦੀਆਂ ਜਮਾਤਾਂ ਦੇ ਮਾੜੇ ਨਤੀਜਿਆਂ ਦੇ ਰੁਝਾਂਨ ਨੂੰ ਠੱਲ ਪਾਉਣ ਦਾ ਸੁਪਨਾ ਵੇਖਿਆ ਹੈ।ਹਾਲਾਂਕਿ ਸੌ ਫੀਸਦੀ ਨਤੀਜੇ ਲਿਆਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ। ਇਸ ਰਸਤੇ ਵਿੱਚ ਆਉਣ ਵਾਲੀਆਂ ਪ੍ਰਮੁੱਖ ਸਮੱਸਿਆਵਾਂ ਮਸਲਨ ਆਰ ਐਕਟ, ਅਧਿਆਪਕਾਂ ਦੀਆਂ ਖਾਲੀ ਪੋਸਟਾਂ, ਅਧਿਆਪਕਾਂ ਉੱਪਰ ਬੇਲੋੜੇ ਕੰਮਾਂ ਦਾ ਬੋਝ, ਵਿਸ਼ੇਸ ਲੋੜਾਂ ਵਾਲੇ ਬੱਚਿਆਂ ਆਦਿ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਇਹ ਚੰਗੀ ਗੱਲ ਹੈ ਕਿ ਸਿੱਖਿਆ ਸਕੱਤਰ ਸ੍ਰੀ ਕ੍ਰਿਸ਼ਨ ਕੁਮਾਰ ਜੀ ਦੀ ਰਣਨੀਤੀ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਜਿਸਦੇ ਸਾਰਥਿਕ ਸਿੱਟੇ ਨਿਕਲਣ ਦੀ ਉਮੀਦ ਹੈ। ਨਤੀਜਿਆਂ ਨੂੰ ਖਰਾਬ ਕਰਨ ਵਿੱਚ ਪੜ੍ਹਾਈ ਵਿੱਚ ਕਮਜ਼ੋਰ ਬੱਚਿਆਂ ਦੀ ਭੂਮਿਕਾ ਅਹਿਮ ਹੁੰਦੀ ਹੈ।ਅਧਿਆਪਕਾਂ ਵੱਲੋਂ ਵੀ ਸਿਲੇਬਸ ਦੀ ਵੰਡ ਅਨੁਸਾਰ ਪੜਾਉਣ ਕਰਕੇ ਇਹਨਾਂ ਬੱਚਿਆਂ ਵੱਲ ਖਾਸ ਧਿਆਨ ਦੇਣਾ ਨਾਮੁਮਕਿਨ ਹੁੰਦਾ ਹੈ। ਪਰ ਹੁਣ ਵਿਭਾਗੀ ਹੁਕਮਾਂ ਅਨੁਸਾਰ ਸਤੰਬਰ ਮਹੀਨੇ ਸਮਾਪਤ ਹੋਈ ਮੈ੍ਰਟਿਕ ਜਮਾਤ ਦੇ ਐਸ ਸ਼ਏਟਨ ਦੀ ਹੋਈ ਪ੍ਰੀਖਿਆ ਵਿੱਚੋਂ 40 ਪ੍ਰਤੀਸ਼ਤ ਤੋਂ ਘੱਟ ਨੰਬਰ ਲੈਣ ਵਾਲੇ ਬੱਚਿਆਂ ਦੀ ਸਨਾਖ਼ਤ (ਅੰਗਰੇਜੀ, ਸਮਾਜਿਕ ਵਿਗਿਆਨ, ਗਣਿਤ, ਪੰਜਾਬੀ, ਵਿਗਿਆਨ, ਹਿੰਦੀ) ਕਰਕੇ ਸਾਰੇ ਵਿਸ਼ਾ ਅਧਿਆਪਕਾਂ ਵੱਲੋਂ ਵਿਸ਼ੇਸ ਧਿਆਨ ਦੇਣ ਦੀ ਮੁਹਿੰਮ ਚਾਲੂ ਹੈ। ਬੱਚਿਆਂ ਦਾ ਬਕਾਇਦਾ ਤੌਰ ਤੇ ਆਨ ਲਾਈਨ ਰਿਕਾਰਡ ਰੱਖ ਕੇ ਪ੍ਰੋਗਰੈੱਸ ਉੱਪਰ ਨਿਗਾਂਹ ਰੱਖੀ ਜਾ ਰਹੀ ਹੈ। ਪੜ੍ਹੋ ਪੰਜਾਬ, ਪੜਾਓ ਪੰਜਾਬ ਤਹਿਤ ਕੰਮ ਕਰ ਰਹੇ ਜਿਲਾ ਮੈਂਟਰ, ਬਲਾਕ ਮੈਂਟਰ ਆਪਣੀ ਵਿਜ਼ਟ ਦੌਰਾਨ ਪੜਾਈ ਵਿੱਚ ਕਮਜ਼ੋਰ ਬੱਚਿਆਂ ਦੀ ਕਾਊਸਲਿੰਗ ਕਰਨ ਦੇ ਨਾਲ ਪ੍ਰੀਖਿਆ ਵਿੱਚੋਂ ਚੰਗੇ ਅੰਕ ਪ੍ਰਾਪਤ ਕਰਨ ਬਾਬਤ ਨੁਕਤਿਆਂ ਨੂੰ ਸਾਂਝਾ ਕਰਦੇ ਹਨ।ਇਸ ਤਰ੍ਹਾਂ ਅਧਿਆਪਕ ਦੀ ਮੱਦਦ ਦੇ ਲਈ ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ ਦੀ ਸਮੁੱਚੀ ਟੀਮ ਕੰਮ ਕਰ ਰਹੀ ਹੈ। ਸਿਲੇਬਸ ਦਾ ਬਹੁਤ ਜਿਆਦਾ ਹੋਣਾ ਅਤੇ ਬੱਚਿਆਂ ਦੇ ਪੱਧਰ ਮੁਤਾਬਿਕ ਨਾ ਹੋਣਾ ਵੀ ਘਟੀਆ ਨਤੀਜਿਆਂ ਵਿੱਚ ਆਪਣਾ ਰੋਲ ਨਿਭਾਉਦਾ ਰਿਹਾ ਹੈ।ਪਰ ਹੁਣ ਸਿੱਖਿਆ ਵਿਭਾਗ ਵੱਲੋਂ ਸਿਲੇਬਸ ਵਿੱਚ ਕੀਤੀ ਗਈ ਕਟੌਤੀ ਵਿਦਿਆਰਥੀਆਂ ਨੂੰ ਚੰਗੇ ਅੰਕ ਲੈਣ ਲਈ ਮੌਕਾ ਪ੍ਰਦਾਨ ਕਰਦੀ ਹੈ। ਇਸ ਤੋਂ ਇਲਾਵਾ ਬੱਚਿਆਂ ਲਈ ਸਿੰਪਲੀਫਾਇਡ ਮਟੀਰੀਅਲ (ਪੜ੍ਹਾਈ ਵਿੱਚ ਘੱਟ ਰੁਚੀ ਰੱਖਣ ਵਾਲਿਆਂ ਲਈ) ਸਟੇਟ ਕੋਆਰਡੀਨੇਟਰ ਮੈਡਮ ਸ੍ਰੀਮਤੀ ਹਰਪ੍ਰੀਤ ਕੌਰ (ਅੰਗਰੇਜੀ, ਸਮਾਜਿਕ ਸਿੱਖਿਆ), ਨਿਰਮਲਜੀਤ ਕੌਰ (ਹਿਸਾਬ), ਰਾਜ਼ੇਸ ਜੈਨ (ਵਿਗਿਆਨ) ਦੀ ਅਗਵਾਈ ਵਿੱਚ ਭੇਜਿਆ ਗਿਆ ਹੈ ਜੋ ਕਿ ਅਤਿ ਲਾਭਦਾਇਕ ਸਿੱਧ ਹੋ ਰਿਹਾ ਹੈ।

ਨਕਸ਼ਿਆਂ ਨੂੰ ਭਰਨ ਲਈ ਟਰਿੱਕਸ ਬਣਾਕੇ ਦੇਣਾ, ਮਾਡਲ ਟੈਸਟ ਪੇਪਰ, ਮੈਪ ਗਲੈਕਸੀ ਆਦਿ ਨੇ ਜਿੱਥੇ ਵਿਸ਼ੇ ਦੀ ਨੀਰਸਤਾ ਨੂੰ ਖਤਮ ਕੀਤਾ ਹੈ ਉੱਥੇ ਹੀ ਪ੍ਰਾਈਵੇਟ ਪਬਲਿਸ਼ਰਜ ਦੁਆਰਾ ਪ੍ਰਕਾਸ਼ਿਤ ਗਾਈਡਾਂ ਦੇ ਕਾਰੋਬਾਰ ਨੂੰ ਵੀ ਭਾਰੀ ਠੇਸ ਪਹੁੰਚਾਈ ਹੈ। ਸਿੰਪਲੀਫਾਇਡ ਮਟੀਰੀਅਲ ਨਾਲ ਰੱਟੇ ਦੀ ਪ੍ਰਵਿਰਤੀ ਘਟੀ ਹੈ।ਸਟੇਟ ਟੀਮ ਵੱਲੋਂ ਵਿਸ਼ਿਆਂ ਦੀ ਸਰਲਤਾ ਲਈ ਲਗਾਤਾਰ ਵਿਸ਼ੇਸ ਵੀਡਿਓਜ਼ ਵੀ ਭੇਜੀਆ ਜੋ ਕਿ ਅਧਿਆਪਕਾਂ ਦੁਆਰਾ ਬੱਚਿਆਂ ਨੂੰ ਵਿਖਾਈਆ ਗਈਆ ਹਨ।

ਹਰੇਕ ਬੱਚੇ ਨੂੰ ਉਸਦੀ ਸਮਰੱਥਾ ਮੁਤਾਬਿਕ ਕੰਮ ਕਰਵਾਉਣਾ ਵੀ ਵਧੀਆ ਉਪਰਾਲਾ ਹੈ। ਵਿਭਾਗ ਵੱਲੋਂ ਜਨਵਰੀ ਮਹੀਨੇ ਦੇ ਅੰਤ ਵਿੱਚ 45 ਨੰਬਰਾਂ ਦਾ ਪੇਪਰ ਉਹਨਾਂ ਬੱਚਿਆਂ ਦਾ ਲਿਆ ਗਿਆ ਜਿਹਨਾਂ ਦੇ ਐਸ ਸ਼ਏਟਨ ਪ੍ਰੀਖਿਆ ਵਿੱਚੋਂ 40 ਪ੍ਰਤੀਸ਼ਤ ਤੋਂ ਘੱਟ ਨੰਬਰ ਪ੍ਰਾਪਤ ਕੀਤੇ ਸਨ। ਇਸ ਪੇਪਰ ਤੋਂ ਪਹਿਲਾ ਅਧਿਆਪਕਾਂ ਨੂੰ ਹਰ ਵਿਸ਼ੇ ਦਾ ਪੈਟਰਨ ਮਹੁੱਈਆ ਕਰਵਾਕੇ ਬੱਚਿਆਂ ਦੀ ਤਿਆਰੀ ਕਰਵਾਈ ਗਈ। ਇਹ ਦੁੱਖ ਦੀ ਗੱਲ ਹੈ ਕਿ ਮੁੱਖ ਦਫ਼ਤਰ ਤੋਂ ਭੇਜੇ ਗਏ ਪੇਪਰ ਵਿੱਚੋਂ ਵਿਦਿਆਰਥੀਆਂ ਦੀ ਕਾਰਗੁਜਾਰੀ ਬਿਹਤਰ ਪਾਈ ਗਈ ਹੈ। ਅਧਿਆਪਕਾਂ ਦੇ ਵਿਦਿਆਰਥੀਆਂ ਨਾਲ ਵਟਸ ਐਪ ਗਰੁੱਪ, ਨਵੀਆਂ ਤਕਨੀਕਾਂ ਨੂੰ ਅਪਣਾਇਆ ਜਾ ਰਿਹਾ ਹੈ। ਅਧਿਆਪਕ ਵਰਗ ਸਕੂਲਾਂ ਵਿੱਚ ਚੰਗੇ ਨਤੀਜਿਆਂ ਦੇ ਲਈ ਵਾਧੂ ਸਮਾਂ, ਜੀਰੋ ਪੀਰੀਅਡ, ਪੀਰੀਅਡ ਅਡਜੱਸਟ ਕਰਵਾਕੇ ਅਣਥੱਕ ਕੋਸ਼ਿਸਾਂ ਕਰ ਰਿਹਾ ਹੈ। ਸੋ ਉਮੀਦ ਕੀਤੀ ਜਾ ਸਕਦੀ ਹੈ ਕਿ ਸਿੱਖਿਆ ਵਿਭਾਗ ਦੀਆਂ ਬੋਰਡ ਜਮਾਤਾਂ ਦੇ ਨਤੀਜੇ ਇਸ ਵਾਰ ਨਿਰਾਸ਼ਾਜਨਕ ਨਹੀਂ ਹੋਣਗੇ। ਜਿਸ ਨਾਲ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਵਿੱਚ ਵੀ ਇਜ਼ਾਫਾ ਹੋਣਾ ਲਾਜ਼ਮੀ ਹੈ।ਨਤੀਜਿਆਂ ਦੀ ਸਫ਼ਲਤਾ ਦਾ ਪੂਰਾ ਸਿਹਰਾ ਅਧਿਆਪਕ ਵਰਗ ਨੂੰ ਜਾਣਾ ਚਾਹੀਦਾ ਹੈ ਜੋ ਕਿ ਆਪਣੇ ਘਰ ਬਾਰ ਦੀ ਪਰਵਾਹ ਕੀਤੇ ਬਿਨ੍ਹਾਂ ਅਣਥੱਕ ਯਤਨਾਂ ਵਿੱਚ ਲੱਗਾ ਹੋਇਆ ਹੈ।

# ਗਲਤੀਆਂ ਤੋਂ ਸਿੱਖ ਜ਼ਿੰਦਗੀ ਨੂੰ ਖ਼ੁਸ਼ਹਾਲ ਬਣਾਈਏ



ਕਿਰਨ ਪ੍ਰੀਤ ਕੌਰ
+4368864013133

ਸੁਣਿਆ ਹੈ ਇਨਸਾਨ ਗਲਤੀਆਂ ਦਾ ਪੁਤਲਾ ਹੁੰਦਾ ਹੈ। ਸਾਡੇ ਵਿੱਚ ਅਜਿਹਾ ਕੋਈ ਵੀ ਨਹੀਂ ਜਿਸ ਨੇ ਅੱਜ ਤੱਕ ਕੋਈ ਗ਼ਲਤੀ ਨਾ ਕੀਤੀ ਹੋਵੇ। ਜਾਣੇ ਅਣਜਾਣੇ ਅਸੀਂ ਬਹੁਤ ਗਲਤੀਆਂ ਕਰ ਬੈਠਦੇ ਹਾਂ। ਪਰ ਇਹ ਗਲਤੀਆਂ ਹੀ ਹਨ ਜੋ ਜ਼ਿੰਦਗੀ ਨੂੰ ਹੋਰ ਵੀ ਬਿਹਤਰ ਬਣਾ ਦਿੰਦੀਆਂ ਹਨ। ਪਰ ਸ਼ਰਤ ਇਹ ਹੈ ਕਿ ਇਨ੍ਹਾਂ ਗਲਤੀਆਂ ਨੂੰ ਮੰਨਣਾ ਅਤੇ ਫਿਰ ਉਸ ਤੋਂ ਸਾਨੂੰ ਕੁਝ ਸਿੱਖਣਾ ਪਵੇਗਾ।

ਸਿੱਖਣਾ ਤੁਸੀਂ ਉਦੋਂ ਹੀ ਸ਼ੁਰੂ ਕਰੋਗੇ ਜਦੋਂ ਆਪਣੀ ਗਲਤੀ ਨੂੰ ਮੰਨੋਗੇ । ਇਸ ਲਈ ਸਭ ਤੋਂ ਪਹਿਲਾਂ ਸਾਨੂੰ ਆਪਣੀ ਭੁੱਲ ਨੂੰ ਸਵੀਕਾਰ ਕਰਨ ਦਾ ਜਿਗਰਾ ਰੱਖਣਾ ਪਵੇਗਾ। ਜੋ ਕਿ ਅੱਜਕਲ ਬਹੁਤ ਹੀ ਘੱਟ ਦਿਖਾਈ ਦਿੰਦਾ ਹੈ। ਅਸੀਂ ਲੋਕ ਆਪਣੀ ਗਲਤੀ ਮੰਨਣ ਦੀ ਥਾਂ ਦੂਸਰੇ ਦੀਆਂ ਕਮੀਆਂ ਕੱਢਣ ਵਿੱਚ ਜ਼ਿਆਦਾ ਦਿਲਚਸਪੀ ਰੱਖਦੇ ਹਾਂ। ਇਹ ਆਮ ਜਹੀ ਗੱਲ ਹੈ ਕਿ ਆਪਣੀ ਗਲਤੀ ਉਹੀ ਇਨਸਾਨ ਮੰਨ ਸਕਦਾ ਜਿਸ ਵਿੱਚ ਹਉਮੈ ਨਹੀਂ । ਜਦੋਂ ਤੱਕ ਤੁਹਾਡੇ ਅੰਦਰ ਹੰਕਾਰ ਬੋਲੇਗਾ, ਤੁਸੀਂ ਨਾ ਹੀ ਤਾਂ ਕਦੀ ਆਪਣੀ ਗ਼ਲਤੀ ਮੰਨ ਸਕਦੇ ਹੋ ਅਤੇ ਨਾ ਹੀ ਕਦੇ ਕਿਸੇ ਤੋਂ ਵਾਂ ਸਿੱਖ ਸਕਦੇ ਹੋ । ਇਸ ਲਈ ਸਭ ਤੋਂ ਪਹਿਲਾਂ ਪੜ੍ਹਾਅ ਹੈ ਆਪਣੇ ਅੰਦਰ ਦੀ ਹਉਮੈ ਨੂੰ ਮਾਰਨਾ ਫਿਰ ਆਪਣੀ ਗਲਤੀ ਨੂੰ ਸਵੀਕਾਰ ਕਰਨਾ ਅਤੇ ਉਸ ਤੋਂ ਕੁਝ ਸਿੱਖਣ ਦੀ ਕੋਸ਼ਿਸ਼ ਕਰਨਾ। ਅੱਗੇ ਤੋਂ ਜ਼ਿੰਦਗੀ ਵਿੱਚ ਉਹੀ ਗ਼ਲਤੀ ਨਾ ਦੁਹਰਾ ਹੋਵੇ ਇਸ ਗੱਲ ਦਾ ਪ੍ਰਯਤਨ ਕਰਨਾ ਅਤੇ ਆਪਣੇ ਜੀਵਨ ਨੂੰ ਸਹੀ ਢੰਗ ਨਾਲ ਜਿਉਣਾ। ਪਰ ਕਈ ਵਾਰ ਅਸੀਂ ਦੇਖਦੇ ਹਾਂ ਕਿ ਅਸੀਂ ਉਹੀ ਗਲਤੀਆਂ ਜ਼ਿੰਦਗੀ ਵਿਚ ਵਾਰ ਵਾਰ ਕਰ ਬੈਠਦੇ ਹਾਂ। ਇਸ ਦਾ ਏਹੀ ਕਾਰਨ ਹੈ ਕਿ ਸਾਨੂੰ ਅਜੇ ਪੂਰਨ ਤੌਰ ਤੇ ਇਹ ਹੀ ਨਹੀਂ ਪਤਾ ਲੱਗ ਰਿਹਾ ਕਿ ਅਸੀਂ ਗਲਤ ਕਿੱਥੇ ਹਾਂ? ਕਿਉਂਕਿ ਜੇਕਰ ਸਾਨੂੰ ਸਾਡੀ ਸਹੀ ਗ਼ਲਤੀ ਸਮਝ ਆ ਜਾਵੇ ਅਤੇ ਉਸ ਦਾ ਹਲ ਕਿਵੇਂ ਕਰਨਾ ਹੈ, ਇਸ ਗੱਲ ਦੀ ਵੀ ਸਮਝ ਆ ਜਾਵੇ ਤਾਂ ਕੋਈ ਵੀ ਮਨੁੱਖ ਆਪਣੀ ਉਸ ਗਲਤੀ ਨੂੰ ਦੁਬਾਰਾ ਨਹੀ ਦੁਹਰਾਵੇਗਾ। ਇਸ ਲਈ ਸਾਨੂੰ ਸਭ ਨੂੰ ਚਾਹੀਦਾ ਹੈ ਕਿ ਆਪਣੀ ਜ਼ਿੰਦਗੀ ਚੋਂ ਹਉਮੈ ਕੱਢ ਥੋੜ੍ਹਾ ਸਿੱਖੀਏ ਤੇ ਸਿਖਾਈਏ। ਜਿਸ ਇਨਸਾਨ ਅੰਦਰ ਕੁਝ ਸਿੱਖਣ ਦੀ ਚਾਹਤ ਹੁੰਦੀ ਹੈ ਉਹ ਜ਼ਿੰਦਗੀ ਤੇ ਹਰ ਪਲ ਤੋਂ ਹੀ ਕੁਝ ਨਵਾਂ ਸਿੱਖ ਸਕਦਾ ਹੈ। ਇਸਦੇ ਲਈ ਬਹੁਤੀਆਂ ਕਿਤਾਬਾਂ ਜਾਂ ਵੱਡੀਆਂ ਵੱਡੀਆਂ ਡਿਗਰੀਆਂ ਦੀ ਲੋੜ ਨਹੀਂ ਹੁੰਦੀ। ਬੱਸ ਇੱਕ ਚਾਹਤ ਅਤੇ ਜਨੂਨ ਦੀ ਲੋੜ ਹੈ ਜੋ ਤੁਹਾਨੂੰ ਸਭ ਤੋਂ ਅਲੱਗ ਬਣਾ ਸਕਦੀ ਹੈ।


## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਫਰਵਰੀ ਮਹੀਨੇ ਦੇ ਪ੍ਰੋਗਰਾਮ SHRI GURU RAVIDASS TEMPLE 1480 HAYNE AVENUE, YUBA CITY, CA 95993

**ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਫਰਵਰੀ 2019 ਮਹੀਨੇ ਦੇ ਪ੍ਰੋਗਰਾਮ**
**ਸ. ਕੁਲਦੀਪ ਸਿੰਘ ਧਾਲੀਵਾਲ ਜੀ, ਬੀਬੀ ਖੁਸ਼ਦੀਪ ਕੌਰ ਧਾਲੀਵਾਲ ਜੀ ਵੱਲੋਂ**
**ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ**
15 ਫਰਵਰੀ 2019 ਦਿਨ ਸ਼ੁੱਕਰਵਾਰ, ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ
17 ਫਰਵਰੀ 2019 ਦਿਨ ਐਤਵਾਰ, ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
18 ਫਰਵਰੀ ਦਿਨ ਸੋਮਵਾਰ, ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ
ਮਹਾਨ ਕੀਰਤਨ ਦਰਬਾਰ ਸ਼ਾਮੀ 5 ਵਜੇ ਤੋਂ ਰਾਤ 2.30 ਵਜੇ ਤੱਕ ਕਰਵਾਏ ਜਾ ਰਹੇ ਹਨ।

**ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੀ ਸਾਲਾਨਾ ਵਰ੍ਹੇਗੀਢ ਦੀ ਖੁਸ਼ੀ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ:**
22 ਫਰਵਰੀ 2019 ਦਿਨ ਸ਼ੁੱਕਰਵਾਰ, ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ
24 ਫਰਵਰੀ 2019 ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।

ਗੁਰੂ ਘਰ ਦਾ ਫੋਨ ਨੰਬਰ 530-674-2564, ਸ੍ਰੀ ਦਲਵਿੰਦਰ ਰੱਲ੍ਹ (ਪ੍ਰਧਾਨ) 530-933-3938,
ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸੈਕਟਰੀ) 530-713-1823, ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-701-4370


### 20 ਫਰਵਰੀ 2019 ਵਿਸ਼ਵ ਸਮਾਜਿਕ ਨਿਆਂ ਦਿਵਸ ਸਬੰਧੀ ਵਿਸ਼ੇਸ਼

# ਕਦੋਂ ਰੁਕੇਗੀ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਅਤੇ ਸਮਾਜਿਕ ਅਨਿਆਂ ਦੀ ਗੱਡੀ



ਕੁਲਦੀਪ ਚੰਦ
91-94175-63054

ਕੁਦਰਤ ਵਲੋਂ ਹਰ ਇਨਸਾਨ ਨੂੰ ਬਰਾਬਰ ਹੀ ਮੰਨਿਆਂ ਜਾਂਦਾ ਹੈ ਅਤੇ ਕੁਦਰਤੀ ਨਿਆਂ ਸਭ ਲਈ ਬਰਾਬਰ ਹੈ ਪਰੰਤੂ ਸਮਾਜ ਵਿੱਚ ਫੈਲੀ ਸਮਾਜਿਕ, ਆਰਥਿਕ ਅਤੇ ਧਾਰਮਿਕ ਤੋਰ ਤੇ ਊਚ ਨੀਚ ਅਤੇ ਛੋਟੇ ਵੱਡੇ ਦੀ ਭਾਵਨਾਂ ਕਾਰਨ ਸਮਾਜਿਕ ਅਨਿਆਂ ਦੀ ਭਾਵਨਾ ਵਿਕਸਿਤ ਹੋਈ ਹੈ। ਸਮਾਜਿਕ ਨਿਆਂ ਦਾ ਭਾਵ ਬਿਨਾਂ ਕਿਸੇ ਭੇਦ ਭਾਵ ਦੇ ਸਭ ਨੂੰ ਜੀਉਣ ਅਤੇ ਵਿਕਸਿਤ ਹੋਣ ਦੇ ਇੱਕੋ ਜਿਹੇ ਮੋਕੇ ਪ੍ਰਦਾਨ ਕਰਨਾ ਹੈ ਤਾਂ ਜੋ ਸਮਾਜ ਦਾ ਕੋਈ ਵੀ ਵਰਗ ਵਿਕਾਸ ਦੀ ਦੋੜ ਵਿੱਚ ਪਿੱਛੇ ਨਾਂ ਰਹਿ ਜਾਵੇ। ਸਮਾਜਿਕ ਨਿਆਂ ਬਹੁਤ ਹੀ ਵਿਆਪਕ ਸ਼ਬਦ ਹੈ ਅਤੇ ਇਸ ਵਿੱਚ ਘੱਟ ਗਿਣਤੀਆਂ ਦੇ ਹਿੱਤਾਂ ਦੀ ਰੱਖਿਆ ਤੋਂ ਲੈਕੇ ਗਰੀਬੀ ਅਤੇ ਅਨਪੜ੍ਹਤਾ ਨੂੰ ਖਤਮ ਕਰਨ ਸਬੰਧੀ ਸਭ ਕੁੱਝ ਸ਼ਾਮਿਲ ਹੈ। ਇਸਦਾ ਭਾਵ ਸਿਰਫ ਕਨੂੰਨ ਸਾਹਮਣੇ ਸਭਦਾ ਬਰਾਬਰ ਹੋਣਾ ਅਤੇ ਸੁਤੰਤਰ ਨਿਆਂਪਾਲਿਕਾ ਹੋਣਾ ਜਿਵੇਂ ਕਿ ਪੱਛਮੀ ਵਿਕਸਿਤ ਦੇਸ਼ਾਂ ਵਿੱਚ ਹੈ ਨਹੀਂ ਹੈ ਸਗੋਂ ਇਸਦਾ ਸਬੰਧ ਸਮਾਜਿਕ ਕੁਰੀਤੀਆਂ ਗਰੀਬੀ, ਬੇਕਾਰੀ, ਭੁੱਖਮਰੀ, ਬਿਮਾਰੀ, ਧਰਮ-ਜਾਤ ਆਦਿ ਤੇ ਅਧਾਰਿਤ ਵਿਤਕਰਾ, ਮਹਿਲਾਵਾਂ ਨਾਲ ਹੁੰਦਾ ਵਿਤਕਰਾ ਆਦਿ ਜਿਸ ਨਾਲ ਵਿਕਾਸਸ਼ੀਲ ਦੇਸ ਪ੍ਰਭਾਵਿਤ ਹੋ ਰਹੇ ਹਨ ਨੂੰ ਵੀ ਦੂਰ ਕਰਨਾ ਹੈ। ਸਮਾਜਿਕ ਨਿਆਂ ਦਾ ਮੋਜੂਦਾ ਸੰਕਲਪ 1840 ਵਿੱਚ ਜੇਸੂਇਟ ਲੁੜਗੀ ਟਪਰੇਲੀ ਨੇ ਥਾਮਸ ਏਕਵੈਨਸ ਦੀ ਸਿੱਖਿਆ ਨੀਤੀ ਦੇ ਅਧਾਰ ਤੇ ਪੇਸ਼ ਕੀਤਾ ਸੀ ਜਿਸਨੂੰ ਬਾਦ ਵਿੱਚ ਐਨਟਾਨੀਓ ਰੋਸਮਿਨੀ ਸਰਵਾਤੀ ਨੇ ਵੀ 1848 ਵਿੱਚ ਪੇਸ ਕੀਤਾ। ਸੰਖੇਪ ਵਿੱਚ ਸਮਾਜਿਕ ਨਿਆਂ ਮਨੁੱਖੀ ਅਧਿਕਾਰਾਂ ਅਤੇ ਬਰਾਬਰਤਾ ਦੇ ਸੰਕਲਪ ਤੇ ਹੀ ਅਧਾਰਿਤ ਹੈ। ਸਮਾਜਿਕ ਨਿਆਂ ਵਿੱਚ ਭੋਤਿਕ ਸਾਧਨਾ ਦੀ ਬਰਾਬਰ ਵੰਡ, ਸਮਾਜਿਕ, ਸ਼ਰੀਰਕ, ਆਰਥਿਕ, ਮਾਨਸਿਕ ਵਿਕਾਸ ਆਦਿ ਸ਼ਾਮਲ ਹੈ। ਸੰਯੁਕਤ ਰਾਸ਼ਟਰ ਨੇ 20 ਫਰਵਰੀ ਦਾ ਦਿਨ ਸਮਾਜਿਕ ਨਿਆਂ ਦਿਵਸ ਦੇ ਤੋਰ ਤੇ ਘੋਸ਼ਿਤ ਕੀਤਾ ਹੈ। ਇਸ ਦਿਨ ਵੱਖ ਵੱਖ ਸੰਗਠਨਾ ਜਿਵੇਂ ਸੰਯੁਕਤ ਰਾਸ਼ਟਰ ਸੰਘ ਅਤੇ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਵਲੋਂ ਲੋਕਾਂ ਨੂੰ ਸਮਾਜਿਕ ਨਿਆਂ ਦੀ ਅਪੀਲ ਕੀਤੀ ਜਾਂਦੀ ਹੈ। ਸੰਯੁਕਤ ਰਾਸ਼ਟਰ ਮਹਾਂਸਭਾ ਵਲੋਂ 2007 ਵਿੱਚ ਇਸਦੀ ਸਥਾਪਨਾ ਕੀਤੀ ਗਈ ਅਤੇ 24ਵੇਂ ਅਜਲਾਸ ਵਿੱਚ ਸਮਾਜਿਕ ਨਿਆਂ ਵਿਕਾਸ ਸੰਮੇਲਨ ਆਯੋਜਿਤ ਕਰਵਾਉਣ ਲਈ ਘੋਸ਼ਣਾ ਕੀਤੀ ਗਈ। ਇਸ ਮੋਕੇ ਸੰਯੁਕਤ ਰਾਸਟਰ ਨੇ ਵਿਸ਼ੇਸ਼ ਤੋਰ ਤੇ ਕਿਹਾ ਕਿ ਇਸ ਦਿਵਸ ਤੇ ਅੰਤਰ-ਰਾਸ਼ਟਰੀ ਸਮੁਦਾਇ ਨੂੰ ਗਰੀਬੀ ਖਤਮ ਕਰਨ ਲਈ ਕੰਮ ਕਰਨਾ ਚਾਹੀਦਾ ਹੈ, ਸਭ ਜਗ੍ਹਾ ਸਭ ਲਈ ਯੋਗਤਾ ਅਨੁਸਾਰ ਕੰਮ ਅਤੇ ਰੋਜ਼ਗਾਰ ਉਪਲੱਭਦ ਹੋਣ ਨਾਲ ਹੀ ਸਮਾਜਿਕ ਨਿਆਂ ਸੰਭਬ ਹੋਵੇਗਾ। ਸੰਖੇਪ ਸ਼ਬਦਾਂ ਵਿੱਚ ਰੋਟੀ, ਕੱਪੜਾ, ਮਕਾਨ, ਸੁਰੱਖਿਆ, ਸਿਹਤ, ਅਸਿੱਖਿਆ, ਗਰੀਬੀ, ਬੇਰੋਜਗਾਰੀ, ਸਮਾਜਿਕ ਬਾਈਕਾਟ ਆਦਿ ਮੁੱਦਿਆਂ ਨੂੰ ਲੈਕੇ ਹੀ ਸਮਾਜਿਕ ਨਿਆਂ ਦਿਵਸ ਦੀ ਸ਼ੁਰੂਆਤ ਹੋਈ ਸੀ। ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਸਮਾਰੋਹ ਆਯੋਜਿਤ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਸਮਾਗਮਾਂ ਵਿੱਚ ਹਰ ਦੇਸ਼ ਅਪਣੇ ਆਪ ਨੂੰ ਸਮਾਜਿਕ ਨਿਆਂ ਦੇ ਮੁੱਦੇ ਤੇ ਨਿਰਪੱਖ ਹੋਣ ਦਾ ਦਾਅਵਾ ਕਰਦਾ ਹੈ। ਸਮਾਜਿਕ ਸਮੱਸਿਆਵਾਂ ਵਿੱਚ ਘਿਰੇ ਲੋਕਾਂ ਲਈ ਸਮਾਜਿਕ ਨਿਆਂ ਸਿਰਫ ਇੱਕ ਸੁਪਨਾ ਹੀ ਹੈ। ਯੁਨੀਸੈਫ ਦੀ ਰਿਪੋਰਟ ਅਨੁਸਾਰ ਦੁਨੀਆਂ ਦੇ ਲੱਗਭੱਗ 03 ਕਰੋੜ ਬੱਚੇ ਯੁੱਧ ਅਤੇ ਹੋਰ ਸੰਕਟਾਂ ਕਾਰਨ ਸਿੱਖਿਆ ਨਹੀਂ ਪ੍ਰਾਪਤ ਕਰ ਰਹੇ ਹਨ। ਹਰ ਚੋਥਾ ਬੱਚਾ ਗਰੀਬੀ, ਅਸਿੱਖਿਆ, ਕੁਪੋਸ਼ਣ, ਹਿੰਸਾ, ਅਸੁਰਖਿੱਆ, ਭੇਦਭਾਵ ਦਾ ਸ਼ਿਕਾਰ ਹੈ। ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਸਮੇ ਸਮੇਂ ਤੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਸਮਾਜਿਕ ਨਿਆਂ ਦੇ ਰਾਹ ਵਿੱਚ ਰੋੜ੍ਹਾਂ ਬਣ ਰਹੀਆਂ ਸਮੱਸਿਆਵਾਂ ਵੱਲ ਲੋਕਾਂ ਦਾ ਧਿਆਨ ਆਕਰਸ਼ਿਤ ਕੀਤਾ ਹੈ ਅਤੇ ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਕੰਮ ਕੀਤਾ ਹੈ। ਸਾਡਾ ਦੇਸ਼ ਜੋਕਿ ਇੱਕ ਵੱਡਾ ਲੋਕਤੰਤਰਿਕ ਦੇਸ਼ ਹੈ ਵਿੱਚ ਸਮਾਜਿਕ ਢਾਂਚਾ ਇਸ ਤਰਾਂ ਦਾ ਹੈ ਕਿ ਕਈ ਵਰਗਾਂ ਦੇ ਲੋਕ ਸਮਾਜਿਕ ਅਨਿਆਂ ਦੇ ਸ਼ਿਕਾਰ ਹੋ ਰਹੇ ਹਨ। ਸਾਡੇ ਦੇਸ਼ ਦੇ ਵੰਖ ਵੰਖ ਹਿਸਿੱਆਂ ਵਿੱਚ ਧਾਰਮਿਕ ਘੱਟ ਗਿਣਤੀਆਂ ਅਤੇ ਦਲਿਤਾਂ ਤੇ ਹੋ ਰਹੇ ਹਮਲੇ, ਮਹਿਲਾਵਾਂ ਨਾਲ ਹੋ ਰਿਹਾ ਵਿਤਕਰਾ ਅਤੇ ਵਾਪਰਦੀਆਂ ਅਤਿੱਆਚਾ ਦੀਆਂ ਘਟਨਾਵਾਂ ਸਮਾਜਿਕ ਨਿਆਂ ਦੇ ਰਾਹ ਵਿੱਚ ਰੋੜ੍ਹਾ ਸਾਬਤ ਹੁੰਦਾ ਹੈ। ਸਾਡੇ ਦੇਸ਼ ਵਿੱਚ ਵੀ ਸਮੇਂ ਸਮੇਂ ਤੇ ਸਮਾਜ ਦੇ ਰਹਿਵਰਾਂ ਨੇ ਸਮਾਜ ਵਿੱਚ ਫੈਲੀਆਂ ਸਮਾਜਿਕ ਨਾਂ ਬਰਾਬਰੀ ਵਰਗੀਆਂ ਅਤੇ ਸਮਾਜਿਕ ਅਨਿਆਂ ਦਾ ਡਟਕੇ ਵਿਰੋਧ ਕੀਤਾ। ਸਾਡੇ ਦੇਸ਼ ਦਾ ਸੰਵਿਧਾਨ ਸਾਰੇ ਨਾਗਰਿਕਾਂ ਨੂੰ ਬਰਾਬਰਤਾ ਦਾ ਅਧਿਕਾਰ ਪ੍ਰਦਾਨ ਕਰਦਾ ਹੈ ਅਤੇ ਕਿਸੇ ਵੀ ਵਿਅਕਤੀ ਨਾਲ ਧਰਮ, ਨਸਲ, ਜਾਤਿ, ਲਿੰਗ, ਜਨਮ ਸਥਾਨ ਆਦਿ ਦੇ ਅਧਾਰ ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ ਹੈ ਪਰ ਕੁੱਝ ਲੋਕ ਭਾਰਤੀ ਸੰਵਿਧਾਨ ਅਤੇ ਕਨੂੰਨ ਨੂੰ ਟਿੱਚ ਸਮਝਦੇ ਹਨ ਜਿਸ ਕਾਰਨ ਸਾਡੇ ਦੇਸ਼ ਵਿੱਚ ਫੈਲੀ ਜਾਤਿ ਪ੍ਰਥਾ, ਧਾਰਮਿਕ ਵੰਡ ਕਾਰਨ ਸਮਾਜਿਕ ਅਨਿਆਂ ਅਤੇ ਨਾਂ ਬਰਾਬਰੀ ਵਧ ਰਹੀ ਹੈ। ਬੇਸ਼ੱਕ ਇੱਕ ਪਾਸੇ ਦੁਨੀਆਂ ਦੇ ਅਮੀਰ ਲੋਕਾਂ ਵਿੱਚ ਕੁੱਝ ਭਾਰਤੀਆਂ ਦੇ ਨਾਮ ਸ਼ਾਮਲ ਹੋ ਚੁੱਕੇ ਹਨ ਜੋਕਿ ਦੇਸ਼ ਦਾ ਨਾਮ ਰੋਸ਼ਨ ਕਰ ਰਹੇ ਹਨ ਪਰ ਦੂਜੇ ਪਾਸੇ ਸਾਡੇ ਦੇਸ ਵਿੱਚ ਗਰੀਬੀ, ਭੁਖਮਰੀ, ਇਲਾਜ਼ ਤੋਂ ਬਿਨ੍ਹਾਂ ਤੜਫਦੇ ਮਰੀਜ਼, ਛੱਤ ਬਿਨ੍ਹਾਂ ਠੰਡ-ਗਰਮੀ ਵਿੱਚ ਰਾਤਾਂ ਕੱਟਦੇ ਲੋਕ, ਸਿੱਖਿਆਂ ਤੋਂ ਬਾਂਝੇ ਬੱਚੇ, ਕੁਪੋਸ਼ਣ ਦਾ ਸ਼ਿਕਾਰ ਬੱਚੇ, ਮੁੱਢਲੀਆਂ ਜਰੂਰਤਾਂ ਲਈ ਜਿਸਮਫਰੋਸ਼ੀ ਦਾ ਧੰਦਾ ਕਰਦੀਆਂ ਦੇਸ ਦੀਆਂ ਬੱਚੀਆਂ, ਬਾਲ ਮਜ਼ਦੂਰ, ਬਾਲ ਵਿਆਹ ਦੀ ਕੁਪ੍ਰਥਾ ਦਾ ਸ਼ਿਕਾਰ ਹੋ ਰਹੇ ਬੱਚੇ, ਬਲਾਤਕਾਰ ਦੀਆਂ ਵੱਧ ਰਹੀਆਂ ਘਟਨਾਵਾਂ, ਦਾਜ ਦਾ ਸ਼ਿਕਾਰ ਹੋ ਰਹੀਆਂ ਮਹਿਲਾਵਾਂ, ਇਨਸਾਫ ਦੀ ਲੰਬੀ ਉਡੀਕ ਵਿੱਚ ਬੈਠੇ ਲੋਕ ਆਦਿ ਸਮਾਜ ਨੂੰ ਝੰਜੋੜਕੇ ਰੱਖਦੇ ਹਨ। ਸਾਡੇ ਦੇਸ਼ ਵਿੱਚ ਬਹੁਤੇ ਲੋਕਾਂ ਦੀ ਮਹੱਤਤਾ ਜਾਨਵਰਾਂ ਤੋਂ ਵੀ ਘੱਟ ਹੈ। ਸਰਕਾਰਾਂ ਵਲੋਂ ਜਾਨਵਰਾਂ ਤੇ ਅਤਿਆਚਾਰਾਂ ਨੂੰ ਰੋਕਣ ਲਈ ਬੇਸ਼ੱਕ ਵਿਸ਼ੇਸ ਕਰਵਾਈ ਕੀਤੀ ਜਾਂਦੀ ਹੈ ਪਰ ਬਹੁਤੇ ਲੋਕਾਂ ਤੇ ਅਤਿਆਚਾਰਾਂ ਦੀਆਂ ਘਟਨਾਵਾ ਆਏ ਦਿਨ ਵਾਪਰ ਰਹੀਆਂ ਹਨ ਅਤੇ ਸਰਕਾਰਾਂ ਵਲੋਂ ਅਜਿਹੀਆਂ ਘਟਨਾਵਾਂ ਰੋਕਣ ਲਈ ਖਾਸ ਕਾਰਵਾਈ ਨਹੀਂ ਕੀਤੀ ਜਾਂਦੀ ਹੈ। ਧਰਮ, ਜਾਤ, ਲਿੰਗ ਅਧਾਰ ਤੇ ਕਈ ਸਰਵਜਨਿਕ ਸਥਾਨਾਂ ਤੇ ਅਜ਼ਾਦੀ ਦੇ 71 ਸਾਲ ਬਾਦ ਦਾਖਲੇ ਦੀ ਮਨਾਹੀ ਵਰਗੀਆਂ ਘਟਨਾਵਾਂ ਸਮਾਜਿਕ ਨਿਆਂ ਦਾ ਮੂੰਹ ਚਿੜਾਉਂਦੀ ਹੈ। ਇਹ ਸਭ ਸਮਾਜਿਕ ਨਿਆਂ ਦੇ ਰਾਹ ਵਿੱਚ ਵੱਡਾ ਰੋੜਾ ਹਨ। ਸਾਡੇ ਦੇਸ਼ ਦਾ ਨਿਆਇਕ ਢਾਂਚਾ ਜੋਕਿ ਬਹੁਤ ਹੀ ਲਚਕੀਲਾ ਅਤੇ ਖਰਚੀਲਾ ਹੈ ਅਤੇ ਬਹੁਤ ਸਮਾਂ ਲੈਂਦਾ ਹੈ ਕਾਰਨ ਬਹੁਤੇ ਸਾਧਨਹੀਣ ਲੋਕ ਇਨਸਾਫ ਲੈਣ ਲਈ ਤੜਫਦੇ ਰਹਿੰਦੇ ਹਨ ਜਦਕਿ ਸਾਧਨ ਸੰਪਨ ਲੋਕ ਇਸਦਾ ਦੁਰਉਪਯੋਗ ਕਰਦੇ ਹਨ। ਸਾਡੇ ਦੇਸ ਵਿੱਚ ਬਹੁਤੇ ਥਾਵਾਂ ਤੇ ਨਾਗਰਿਕਾਂ ਦੀ ਰੱਖਿਆ ਕਰਨ ਵਾਲੀ ਪੁਲਿਸ ਹੀ ਅਪਣੇ ਦੇਸ ਦੇ ਨਾਗਰਿਕਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਨ ਵਿੱਚ ਮੋਹਰੀ ਰਹਿੰਦੀ ਹੈ ਅਤੇ ਇਸ ਵਿੱਚ ਕਈ ਵਾਰ ਸਾਡੇ ਦੇਸ਼ ਦੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਨੇਤਾ ਵੀ ਹੱਲਾ ਸ਼ੇਰੀ ਦਿੰਦੇ ਹਨ। ਸਰਕਾਰ ਵਲੋਂ ਲਿਤਾੜੇ ਅਤੇ ਪੱਛੜੇ ਵਰਗਾਂ ਨੂੰ ਸਮਾਜਿਕ ਨਿਆਂ ਦੇਣ ਲਈ ਬੇਸ਼ੱਕ ਵੱਖ ਵੱਖ ਆਯੋਗ ਮਨੁਖੀ ਅਧਿਕਾਰ ਆਯੋਗ, ਬਾਲ ਅਧਿਕਾਰ ਆਯੋਗ, ਮਹਿਲਾ ਆਯੋਗ, ਅਨੂਸੂਚਿਤ ਜਾਤਿ ਆਯੋਗ, ਅਨੂਸੂਚਿਤ ਜਨਜਾਤਿ ਆਯੋਗ, ਘੱਟ ਗਿਣਤੀ ਆਯੋਗ, ਪੱਛੜੀਆਂ ਸ਼੍ਰੇਣੀਆਂ ਆਯੋਗ ਆਦਿ ਬਣਾਏ ਗਏ ਹਨ ਪਰੰਤੂ ਇਹ ਸਭ ਵੀ ਇਨ੍ਹਾਂ ਲਿਤਾੜੇ ਤੇ ਪੱਛੜੇ ਵਰਗ ਦੇ ਲੋਕਾਂ ਨੂੰ ਸਮਾਜਿਕ ਨਿਆ ਦਿਵਾਉਣ ਵਿੱਚ ਪੂਰੀ ਤਰਾਂ ਕਾਮਯਾਬ ਨਹੀਂ ਹੋ ਰਹੇ ਹਨ ਜਿਸ ਕਾਰਨ ਅੱਜ ਵੀ ਦੇਸ ਦੇ ਕਈ ਭਾਗਾਂ ਵਿੱਚ ਸਮਾਜਿਕ ਅਨਿਆਂ ਤੋਂ ਦੁਖੀ ਲੋਕ ਨਿਆਂ ਪਾਣ ਲਈ ਗੈਰ ਕਨੂੰਨੀ ਢੰਗ ਅਪਣਾ ਰਹੇ ਹਨ ਅਤੇ ਦੇਸ਼ ਵਿੱਚ ਹਾਲਾਤ ਵਿਗੜ ਰਹੇ ਹਨ। ਪਿਛਲੇ ਸਮੇਂ ਦੌਰਾਨ ਵਾਪਰੀਆਂ ਜਾਤ, ਧਰਮ ਦੇ ਅਧਾਰ ਤੇ ਅਤਿੱਆਚਾਰ ਦੀਆਂ ਘਟਨਾਵਾਂ ਸਮਾਜਿਕ ਨਿਆਂ ਦੇ ਰਾਹ ਵਿੱਚ ਵੱਡਾ ਰੋੜ੍ਹਾ ਸਾਬਤ ਹੋ ਰਹੀਆਂ ਹਨ। ਬੇਸ਼ੱਕ ਅੱਜ ਵਿਸਵ ਨਿਆਂ ਦਿਵਸ ਮੌਕੇ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਸਮਾਜਿਕ ਨਿਆਂ ਸਬੰਧੀ ਸਮਾਗਮ ਕੀਤੇ ਜਾ ਰਹੇ ਹਨ ਪਰ ਸਾਡੇ ਦੇਸ਼ ਵਿੱਚ ਸਮਾਜਿਕ ਨਿਆਂ ਦੀ ਖਸਤਾ ਹਾਲਤ ਨੂੰ ਵੇਖਕੇ ਲੱਗਦਾ ਹੈ ਕਿ ਸਮਾਜਿਕ ਨਿਆਂ ਦਾ ਸੂਪਨਾ ਪੂਰਾ ਕਰਨ ਲਈ ਅਜੇ ਬਹੁਤ ਕੁੱਝ ਕਰਨਾ ਬਾਕੀ ਹੈ ਤਾਂ ਜੋ ਸਮਾਜ ਦੇ ਸਾਰੇ ਵਰਗ ਵਿਸ਼ੇਸ਼ ਤੋਰ ਤੇ ਕਮਜ਼ੋਰ ਅਤੇ ਲਿਤਾੜ੍ਹੇ ਵਰਗ ਅਪਣੇ ਆਪ ਨੂੰ ਦੇਸ ਅੰਦਰ ਸੁਰੱਖਿਅਤ ਮਹਿਸੂਸ ਕਰ ਸਕਣ ਨਹੀਂ ਤਾਂ ਅਜਿਹੇ ਦਿਨ ਮਨਾਉਣਾਂ ਇੱਕ ਖਾਨਾਪੂਰਤੀ ਤੋਂ ਵੱਧ ਕੁੱਝ ਨਹੀਂ ਹੇਵੇਗਾ।




# ਨਚਣੁ ਕੁਦਣੁ ਮਨ ਕਾ ਚਾਉ



ਚਰਨਜੀਤ ਸਿੰਘ ਬਿਨਪਾਲਕੇ
91-98148-39944

ਸਤਿਗੁਰ ਜੀ ਦੀ ਬਾਣੀ ਸਾਡੇ ਜੀਵਨ ਦਾ ਓਟ ਆਸਰਾ ਹੈ। ਇਹ ਬਾਣੀ ਇਕ ਅਟੱਲ ਸੱਚਾਈ ਹੈ।ਇਹ ਸੱਚਾਈ ਕਾਲ ਸੀਮਾਂ ਤੋਂ ਬਾਹਰ ਹੈ ਭਾਵ ਸਮਾਂ ਬਦਲਣ ਨਾਲ ਇਹ ਬਦਲਣ ਵਾਲੀ ਨਹੀਂ। ਇਹ ਦੇਸ਼-ਪ੍ਰਦੇਸ਼ ਦੇ ਹੱਦ ਬੰਨ੍ਹਿਆਂ ਤੋਂ ਬਾਹਰ ਹੈ ਭਾਵ ਸਮੁੱਚੀ ਮਾਨਵਤਾ ਵਾਸਤੇ ਹੈ ਤੇ ਉਸ ਉੱਪਰ ਲਾਗੂ ਹੁੰਦੀ ਹੈ। ਇਸ ਤਰ੍ਹਾਂ ਇਹ ਕਿਸੇ ਇੱਕ ਮਨੁੱਖ, ਇਕ ਇਕ ਧਰਮ, ਇਕ ਦੇਸ਼ ਉਤੇ ਨਹੀਂ ਬਲਕਿ ਇਹ ਸੰਸਾਰ ਦੇ ਹਰ ਇਕ ਜੀਵ ਹਰ ’ਤੇ ਪੂਰੀ ਢੁੱਕਦੀ ਹੈ।

ਸੋ ਜੇਕਰ ਉਪਰੋਕਤ ਗੱਲਾਂ ਸਹੀ ਹਨ ਤਾਂ ਇਸ ਦਾ ਨਤੀਜਾ ਇਹ ਹੈ ਕਿ ਅੱਜ ਅਸੀਂ ਜਿਹੜੇ ਵੀ ਧਾਰਮਿਕ ਕੰਮ ਗੁਰਬਾਣੀ ਅਨੁਸਾਰ ਨਹੀਂ ਕਰਦੇ, ਉਨ੍ਹਾਂ ਨੂੰ ਵਾਚਣ ਜਾਂ ਬਦਲਣ ਦੀ ਲੋੜ ਹੈ। ਕੀ ਗੁਰਬਾਣੀ ਅਨੁਸਾਰ ਪ੍ਰਭ ਦੀ ਭਗਤੀ ਕਰਨ, ਗੁਰੂ ਨੂੰ ਖੁਸ਼ ਕਰਨ ਜਾਂ ਗੁਰੂ ਸਾਹਿਬਾਨਾਂ ਦੇ ਜਨਮ ਦਿਹਾੜੇ ਨੂੰ ਵਧੀਆ ਤਰੀਕੇ ਨਾਲ ਮਨਾਉਣ ਲਈ ਨੱਚਣਾ- ਕੁੱਦਣਾ ਜਰੂਰੀ ਹੈ? ਜਿਵੇਂ ਕਿ ਅੱਜ ਸਾਡੇ ਸਮਾਜ ਵਿੱਚ ਇੱਕ ਪਰੰਪਰਾ ਚੱਲ ਪਈ ਹੈ ਕਿ ਦਲਿਤ ਸਮਾਜ ਦੇ ਧਾਰਮਿਕ ਸਮਾਗਮਾਂ ’ਤੇ ਅਸੀਂ ਆਪਣੇ ਰਹਿਬਰਾਂ ਦੀ ਉਪਮਾ ਵਾਲੇ ਗੀਤ ਗਾਉਂਦੇ ਜਾਂ ਸੁਣਦੇ ਹੋਏ ਨੱਚਦੇ-ਟੱਪਦੇ ਹਾਂ। ਅਕਸਰ ਨਗਰ ਕੀਰਤਨ, ਪ੍ਰਭਾਤ ਫੇਰੀਆਂ ਆਦਿ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਅਸੀਂ ਨੱਚ-ਟੱਪ ਕੇ ਮਨਾਉਣਾ ਸ਼ੁਰੂ ਕਰ ਦਿੱਤਾ ਹੈ।ਅੱਜ ਦਾ ਨੌਜਵਾਨ ਨਗਰ ਕੀਰਤਨ ਯਾਤਰਾ ਦੌਰਾਨ ਡੀ. ਜੇ. ਵਜਾਉਣ, ਪਟਾਕੇ ਵਜਾਉਣ ਅਤੇ ਉਚੀ ਆਵਾਜ ਵਾਲੇ ਮੋਟਰਸਾਈਕਲ ਚਲਾਉਣ ਨੂੰ ਨਗਰ ਕੀਰਤਨ ਦਾ ਪਵਿੱਤਰ ਕਾਰਜ ਸਮਝੀ ਬੈਠਾ ਹੈ। ਏਹੋ ਨੱਚਣਾ-ਕੁੱਦਣਾ ਅਸੀਂ ਆਪਣੇ ਬੱਚੇ ਦੇ ਜਨਮ ਦਿਨ ਦੀ ਖੁਸ਼ੀ ਤੇ ਕਰਦੇ ਹਾਂ। ਏਹੋ-ਜਿਹਾ ਨੱਚਣਾ ਕੁੱਦਣਾ ਅਸੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ’ਤੇ ਵੀ ਕਰੀ ਜਾ ਰਹੇ ਹਾਂ। ਪਿਛਲੇ ਕੁਝ ਸਾਲਾਂ ਤੋਂ ਅਸੀਂ ਹੋਰ ਵੀ ਅਗਾਂਹ ਵੱਧ ਗਏ ਹਾਂ ਕਿ ਗੁਰੂ ਜੀ ਦੇ ਪ੍ਰਕਾਸ਼ ਦਿਹਾੜੇ ’ਤੇ ਆਪਣੇ ਬੱਚਿਆਂ ਦੇ ਜਨਮ ਦਿਨ ਵਾਂਗ ਕੇਕ ਕੱਟਣ ਲੱਗ ਪਏ ਹਾਂ।ਵਿਆਹਾਂ ਸ਼ਾਦੀਆਂ ਵਾਂਗ ਜਾਗੋ ਕੱਢੀ ਜਾ ਰਹੇ ਹਾਂ। ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਆਪਣੇ ਬੱਚਿਆਂ ਦੇ ਜਨਮ ਦਿਨ ਵਾਂਗ, ਆਪਣੇ ਵਿਆਹ-ਸ਼ਾਦੀਆਂ ਦੇ ਦਿਨਾਂ ਵਾਂਗ ਮਨਾ ਕੇ, ਇਸ ਮਹਾਨ ਪ੍ਰਕਾਸ਼ ਪੁਰਬ ਨੂੰ ਕੀ ਅਸੀਂ ਛੋਟਾ ਨਹੀਂ ਕਰ ਦਿੱਤਾ? ਕੀ ਅਸੀਂ ਅਜਿਹਾ ਕਰਕੇ ਗੁਰੂ ਸਾਹਿਬ ਦੀ ਬੇਅਦਬੀ ਨਹੀਂ ਕਰ ਰਹੇ? ਜਿਸ ਬੱਚੇ ਦਾ ਜਨਮ ਦਿਨ ਹੁੰਦਾ ਹੈ, ਅਸੀਂ ਉਸ ਕੋਲੋਂ ਕੇਕ ਕਟਾਉਦੇ ਹਾਂ। ਕੀ ਸ੍ਰੀ ਗੁਰੂ ਰਵਿਦਾਸ ਜੀ ਆਪਣੇ ਜਨਮ ਦਿਹਾੜੇ ਦਾ ਕੇਕ ਖੁਦ ਆ ਕੇ ਕੱਟਦੇ ਹਨ? ਜੇਕਰ ਕੋਈ ਹੋਰ ਵਿਅਕਤੀ ਕੇਕ ਕੱਟਦਾ ਹੈ ਤਾਂ ਕੀ ਉਸ ਵਿਅਕਤੀ ਦੀ ਅਧਿਆਤਮਕ ਅਵਸਥਾ ਗੁਰੂ ਰਵਿਦਾਸ ਜੀ ਵਰਗੀ ਹੈ? ਸ਼ਾਇਦ ਅਜਿਹੀਆਂ ਹੋਰ ਉਦਾਹਰਨਾਂ ਦਾ ਜਿਕਰ ਕਰਨਾ ਗੁਰੂ ਜੀ ਦੀ ਤੌਹੀਨ ਕਰਨਾ ਹੀ ਹੋਵੇਗਾ। ਅੱਜ ਦਾ ਨੌਜਵਾਨ ਨਗਰ ਕੀਰਤਨ ਯਾਤਰਾ ਦੌਰਾਨ ਡੀ. ਜੇ. ਵਜਾਉਣ, ਪਟਾਕੇ ਵਜਾਉਣ ਅਤੇ ਉਚੀ ਆਵਾਜ ਵਾਲੇ ਮੋਟਰਸਾਈਕਲ ਚਲਾਉਣ ਨੂੰ ਨਗਰ ਕੀਰਤਨ ਦਾ ਪਵਿੱਤਰ ਕਾਰਜ ਸਮਝੀ ਬੈਠਾ ਹੈ। ਐਧਰ ਕੀ ਹੈ ਜੈ ਰਵਿਦਾਸ, ਉਧਰ ਕੀ ਹੈ ਜੈ ਰਵਿਦਾਸ - ਕੀ ਇਨ੍ਹਾਂ ਸ਼ਬਦਾਂ ਵਿਚ ਗੁਰੂ ਜੀ ਦਾ ਸਨਮਾਨ। ਰਵਿਦਾਸ ਸ਼ਕਤੀ ਅਮਰ ਰਹੇ।ਕੀ ਇਹ ਸ਼ਬਦ ਗੁਰੂ ਜੀ ਨੂੰ ਮਹਾਨ ਬਣਾਉਂਦੇ ਹਨ? ਉਹ ਭਲਿਆ ਗੁਰੂ ਜੀ ਦੀ ਸ਼ਕਤੀ ਤਾਂ ਪਹਿਲਾਂ ਹੀ ਮਹਾਨ ਸੀ ਤੇ ਸਦੀਵੀ ਕਾਲ ਤੱਕ ਰਹੇਗੀ ਕੀ ਤੂੰ ਅਜਿਹਾ ਕਹਿ ਕਿ ਕਿਸੇ ਕੋਲੋਂ ਸ਼ਕਤੀ ਅਮਰ ਰਹਿਣ ਦੀ ਦੁਆ ਮੰਗ ਰਿਹਾ ਹੈਂ? ਮੇਰਾ ਦੋਸਤ ਬੋਲਿਆ ਕਿ ਮੈਂ ਤਾਂ ਕਹਿ ਰਿਹਾਂ ਹਾਂ ਕਿ ਰਵਿਦਾਸ ਸ਼ਕਤੀ ਅਮਰ ਹੈ। ਮੈਂ ਕਿਹਾ ਕਿ ਅਜੇ ਤੱਕ ਤੈਨੂੰ ਆਪ ਨੂੰ ਤਾਂ ਪਤਾ ਨਹੀਂ ਲੱਗ ਸਕਿਆ ਕਿ ਗੁਰੂ ਜੀ ਦੀ ਸ਼ਕਤੀ ਅਮਰ ਹੈ, ਤੇਰਾ ਦੂਸਰਿਆਂ ਨੂੰ ਕੀ ਦੱਸਣ ਦਾ ਕੀ ਫਾਇਦਾ। ਅੱਜ ਤੂੰ ਗੁਰੂ ਰਵਿਦਾਸ ਜੀ ਜੈ ਜੈ ਕਾਰ ਕਰ ਰਿਹਾਂ ਹੈਂ ਕੱਲ ਨੂੰ ਕਿਸੇ ਹੋਰ ਦੀ ਜੈ ਜੈ ਕਾਰ ਕਰਨੀ ਐ। ਪ੍ਰਕਾਸ਼ ਪੁਰਬ, ਨਗਰ ਕੀਰਤਨ ਜਿਹੇ ਪਵਿੱਤਰ ਸਮਾਗਮਾਂ ਤੇ ਅਸੀਂ ਆਪਣੇ ਗੁਰੂ ਦੇ ਸਨਮੁੱਖ ਉਸ ਦਾ ਪੂੰਗੜਾ, ਸੇਵਕ, ਦਾਸ, ਗੋਲਾ ਬਣਕੇ ਉਸ ਦੀ ਆਸੀਸ ਪ੍ਰਾਪਤ ਕਰਨੀ ਹੁੰਦੀ ਹੈ ਤੇ ਨਾਲੇ ਅਜਿਹੇ ਮੌਕੇ ਆਪਣੇ ਗੁਰੂ ਦਾ ਜੱਸ, ਉਸ ਦੀ ਕੀਰਤੀ ਦੂਸਰੇ ਵਰਗ ਦੇ ਲੋਕਾਂ ਤੱਕ ਪਹੁੰਚਾਉਣ ਦਾ ਵੇਲਾ ਹੁੰਦਾ ਹੈ ਤਾਂ ਕਿ ਦੂਸਰਾ ਵਰਗ ਸਾਡੇ ਗੁਰੂ ਦੀ ਵਿਸ਼ਵ ਵਿਆਪੀ ਉਚੀ-ਸੁੱਚੀ ਵਿਚਾਰਧਾਰਾ ਅਤੇ ਮਹਾਨਤਾ ਦਾ ਕਾਇਲ ਹੋ ਸਕੇ। ਪ੍ਰੰਤੂ ਉਥੇ ਤਾਂ ਅਸੀਂ ਆਪ ਹੁਦਰੀਆਂ ਕਰਕੇ ਆਪਣੇ ਰਹਿਬਰਾਂ ਦਾ ਮਾਣ ਸਨਮਾਨ ਮਿੱਟੀ ਘੱਟੇ ਰੋਲ ਰਹੇ ਹੁੰਦੇ ਹਾਂ।

**ਪ੍ਰਭਾਤ ਫੇਰੀਆਂ ਅੰਮ੍ਰਿਤ ਵੇਲੇ ਹੁੰਦੀਆਂ ਹਨ । ਉਹ ਸਮਾਂ ਅਧਿਆਤਮਕ ਹੁੰਦਾ ਹੈ। ਪ੍ਰਭਾਤ ਫੇਰੀਆਂ ਵਿੱਚ ਸ਼ਾਮਿਲ ਹੋ ਕੇ ਮਨੁੱਖ ਅਧਿਆਤਮਕਤਾ ਨਾਲ ਜੁੜਨ ਦਾ ਯਤਨ ਕਰਦਾ ਹੈ ਪ੍ਰੰਤੂ ਰਾਤ ਨੂੰ ਜਾਗੋ ਕੱਢਣੀ, ਇੱਕ ਰੌਲਾ-ਰੱਪਾ, ਨੱਚਣ-ਟੱਪਣ, ਪ੍ਰਦਰਸ਼ਨ ਕਰਨ ਤੋਂ ਵੱਧ ਕੁਝ ਵੀ ਨਹੀਂ, ਪਰ ਅਕਸਰ ਗੁਰੂ ਮਹਾਰਾਜ ਜੀ ਦੀ ਬੇਅਦਬੀ ਦਾ ਕਾਰਨ ਜ਼ਰੂਰ ਬਣ ਸਕਦਾ। ਕਿਉਂਕਿ ਸ਼ਾਮ ਨੂੰ ਕਈ ਲੋਕਾਂ ਨੇ ਸ਼ਰਾਬ ਵੀ ਪੀਤੀ ਹੁੰਦੀ ਹੈ, ਜੋ ਕਿ ਲੜਾਈ-ਝਗੜਿਆਂ ਦਾ ਮੁੱਢ ਹੈ। ਅਸਲ ਵਿਚ ਨੱਚਣਾ-ਟੱਪਣਾ ਕੋਈ ਸ਼ਰਧਾ ਦਾ ਪ੍ਰਤੀਕ ਨਹੀਂ। ਇਹ ਤਾਂ ਜਿਵੇਂ, ਨੱਚਣ ਵਾਲੇ ਦੀ ਅੱਡੀ ਨਹੀਂ ਰਹਿੰਦੀ ਵਾਲੀ ਗੱਲ ਹੈ ਕਿ ਉਹ ਨੱਚਣ-ਟੱਪਣ ਦਾ ਬਹਾਨਾ ਭਾਲਦਾ ਹੈ। ਜਿਵੇਂ ਕਈ ਸ਼ਰਾਬੀਆਂ ਦੀ ਗੱਲ ਲੈ ਲਉ, ਜੇਕਰ ਕੋਈ ਖੁਸ਼ੀ ਦਾ ਸਬੱਬ ਹੋਵੇ ਤਾਂ ਸ਼ਰਾਬੀ ਕਹਿੰਦਾ ਹੈ ਕਿ ਮੈਂ ਖੁਸ਼ੀ ਵਿਚ ਪੀਤੀ ਹੈ। ਜੇਕਰ ਗਮੀ ਹੋਵੇ ਤਾਂ ਮੈਨੂੰ ਗਮ ਬਹੁਤ ਹੈ ਇਸ ਕਰਕੇ ਪੀਤੀ ਹੈ। ਉਹ ਭਲਿਆਂ ਕੀ ਖੁਸ਼ੀ-ਗਮੀ ਦਾ ਸਾਰਾ ਠੇਕਾ ਤੈਂ ਹੀ ਲੈ ਰੱਖਿਆ ਹੈ? ਪਰਿਵਾਰ ਵਿਚ, ਸਮਾਜ ਵਿਚ ਹੋਰ ਲੋਕ ਵੀ ਹਨ ਖੁਸ਼ੀ-ਗਮੀ ਮਨਾਉਣ ਲਈ।**

ਪ੍ਰਭਾਤ ਫੇਰੀਆਂ ਅੰਮ੍ਰਿਤ ਵੇਲੇ ਹੁੰਦੀਆਂ ਹਨ । ਉਹ ਸਮਾਂ ਅਧਿਆਤਮਕ ਹੁੰਦਾ ਹੈ। ਪ੍ਰਭਾਤ ਫੇਰੀਆਂ ਵਿੱਚ ਸ਼ਾਮਿਲ ਹੋ ਕੇ ਮਨੁੱਖ ਅਧਿਆਤਮਕਤਾ ਨਾਲ ਜੁੜਨ ਦਾ ਯਤਨ ਕਰਦਾ ਹੈ ਪ੍ਰੰਤੂ ਰਾਤ ਨੂੰ ਜਾਗੋ ਕੱਢਣੀ, ਇੱਕ ਰੌਲਾ-ਰੱਪਾ, ਨੱਚਣ-ਟੱਪਣ, ਪ੍ਰਦਰਸ਼ਨ ਕਰਨ ਤੋਂ ਵੱਧ ਕੁਝ ਵੀ ਨਹੀਂ, ਪਰ ਅਕਸਰ ਗੁਰੂ ਮਹਾਰਾਜ ਜੀ ਦੀ ਬੇਅਦਬੀ ਦਾ ਕਾਰਨ ਜ਼ਰੂਰ ਬਣ ਸਕਦਾ। ਕਿਉਂਕਿ ਸ਼ਾਮ ਨੂੰ ਕਈ ਲੋਕਾਂ ਨੇ ਸ਼ਰਾਬ ਵੀ ਪੀਤੀ ਹੁੰਦੀ ਹੈ, ਜੋ ਕਿ ਲੜਾਈ-ਝਗੜਿਆਂ ਦਾ ਮੁੱਢ ਹੈ। ਅਸਲ ਵਿਚ ਨੱਚਣਾ-ਟੱਪਣਾ ਕੋਈ ਸ਼ਰਧਾ ਦਾ ਪ੍ਰਤੀਕ ਨਹੀਂ। ਇਹ ਤਾਂ ਜਿਵੇਂ, ਨੱਚਣ ਵਾਲੇ ਦੀ ਅੱਡੀ ਨਹੀਂ ਰਹਿੰਦੀ ਵਾਲੀ ਗੱਲ ਹੈ ਕਿ ਉਹ ਨੱਚਣ-ਟੱਪਣ ਦਾ ਬਹਾਨਾ ਭਾਲਦਾ ਹੈ। ਜਿਵੇਂ ਕਈ ਸ਼ਰਾਬੀਆਂ ਦੀ ਗੱਲ ਲੈ ਲਉ, ਜੇਕਰ ਕੋਈ ਖੁਸ਼ੀ ਦਾ ਸਬੱਬ ਹੋਵੇ ਤਾਂ ਸ਼ਰਾਬੀ ਕਹਿੰਦਾ ਹੈ ਕਿ ਮੈਂ ਖੁਸ਼ੀ ਵਿਚ ਪੀਤੀ ਹੈ। ਜੇਕਰ ਗਮੀ ਹੋਵੇ ਤਾਂ ਮੈਨੂੰ ਗਮ ਬਹੁਤ ਹੈ ਇਸ ਕਰਕੇ ਪੀਤੀ ਹੈ। ਉਹ ਭਲਿਆਂ ਕੀ ਖੁਸ਼ੀ-ਗਮੀ ਦਾ ਸਾਰਾ ਠੇਕਾ ਤੈਂ ਹੀ ਲੈ ਰੱਖਿਆ ਹੈ? ਪਰਿਵਾਰ ਵਿਚ, ਸਮਾਜ ਵਿਚ ਹੋਰ ਲੋਕ ਵੀ ਹਨ ਖੁਸ਼ੀ-ਗਮੀ ਮਨਾਉਣ ਲਈ। ਤੂੰ ਉਨ੍ਹਾਂ ਨੂੰ ਵੀ ਪ੍ਰੇਸ਼ਾਨ ਕਰ ਰਿਹਾ ਹੈਂ ਕੀ ਸ਼ਰਾਬ ਤੋਂ ਬਿਨਾਂ ਖੁਸ਼ੀ-ਗਮੀ ਨੂੰ ਮਨਾਇਆ ਨਹੀ ਜਾ ਸਕਦਾ? ਗੁਰਮਤਿ ਸਿਧਾਂਤਾਂ ਅਨੁਸਾਰ ਕੀ ਨੱਚ ਟੱਪ ਕੇ ਅਸੀਂ ਪ੍ਰਭ, ਆਪਣੇ ਗੁਰੂ ਨੂੰ, ਆਪਣੇ ਇਸ਼ਟ ਨੂੰ ਮਨਾ ਸਕਦੇ ਹਾਂ? ਸ੍ਰੀ ਗੁਰੂ ਨਾਨਕ ਦੇਵ ਜੀ ਰਾਗ ਆਸਾ ਵਿਚ ਫੁਰਮਾਉਂਦੇ ਹਨ:-

ਵਾਇਨਿ ਚੇਲੇ ਨਚਨਿ ਗੁਰ ॥ ਪੈਰ ਹਲਾਇਨਿ ਫੇਰਨਿ ਸਿਰ ॥
ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ ॥ ੩੩੩
ਕੋਲੂ ਚਰਖਾ ਚਕੀ ਚਕੁ ॥
ਥਲ ਵਾਰੋਲੇ ਬਹੁਤੁ ਅਨੰਤੁ ॥
ਲਾਟੂ ਮਾਧਾਣੀਆ ਅਨਗਾਹ ॥ ਪੰਖੀ ਭਉਦੀਆ ਲੈਣ ਨ ਸਾਹ ॥ ੩੩੩
ਨਚਣੁ ਕੁਦਣੁ ਮਨ ਕਾ ਚਾਉ ॥
ਨਾਨਕ ਜਿਨ ਮਨਿ ਭਉ, ਤਿਨਾ ਮਨਿ ਭਾਉ ॥ (ਪੰਨਾ 465)

ਭਾਵ:-।ਨੱਚ-ਨੱਚ ਕੇ ਪ੍ਰਮਾਤਮਾ ਨੂੰ ਖੁਸ਼ ਨਹੀਂ ਕੀਤਾ ਜਾ ਸਕਦਾ। ਅਨੇਕਾਂ ਮਧਾਣੀਆਂ, ਵਾਵਰੋਲੇ, ਲਾਟੂ ਨੱਚਦੇ- ਫਿਰਦੇ ਹਨ। ਕੀ ਉਨ੍ਹਾਂ ਨੇ ਪ੍ਰਮਾਤਮਾ ਨੂੰ ਖੁਸ਼ ਕਰ ਲਿਆ? ਲੋਕ ਨੱਚਦੇ ਹੋਏ ਤਾਂ ਹੱਸਦੇ ਹਨ ਪਰ ਦੂਨੀਆਂ ਤੋਂ ਜਾਣ ਲੱਗੇ ਰੋਂਦੇ ਹਨ। ਨੱਚਣਾ-ਕੁਦਣਾ ਮਨ ਦਾ ਸ਼ੌਂਕ ਤਾਂ ਹੋ ਸਕਦਾ ਹੈ ਪਰ ਰੱਬ ਨਾਲ ਪ੍ਰੇਮ ਕੇਵਲ ਉਨ੍ਹਾਂ ਮਨੁੱਖਾਂ ਦਾ ਹੈ ਜਿਨ੍ਹਾਂ ਦੇ ਮਨ ਵਿਚ ਰੱਬ ਦਾ ਡਰ ਹੈ।” ਇਸ ਤੋਂ ਭਾਵ ਇਹ ਵੀ ਹੈ ਕਿ ਜਿਨ੍ਹਾਂ ਨੂੰ ਆਪਣੇ ਗੁਰੂ ਦਾ ਡਰ ਨਹੀਂ, ਆਪਣੇ ਗੁਰੂ ਦੀ ਬੇਅਦਬੀ ਦਾ ਡਰ ਨਹੀਂ, ਉਨ੍ਹਾਂ ਦੇ ਮਨ ਵਿੱਚ ਆਪਣੇ ਗੁਰੂ ਪ੍ਰਤੀ ਕੋਈ ਪ੍ਰੇਮ ਨਹੀਂ ਹੈ।

ਜਿਹੜੇ ਆਪਣੇ ਗੁਰੂ ਨਾਲ ਪ੍ਰੇਮ ਕਰਦੇ ਹਨ, ਉਹ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਗੁਰੂ ਦੀ ਬੇਅਦਬੀ ਹੋਵੇ। ਅਸਲੀਅਤ ਤਾਂ ਇਹ ਹੈ ਕਿ ਗੁਰੂ ਸਾਹਿਬਾਨਾ ਦੇ ਗੁਰਪੁਰਬ ਨੂੰ ਡੀ. ਜੇ. ਲਗਾ ਕੇ ਨੱਚਣਾ-ਟੱਪਣਾ, ਕੇਕ ਕੱਟਣੇ, ਜਾਗੋ ਕੱਢਣੀਆਂ ਆਪਣੇ ਸ਼ੌਕ ਪੂਰਾ ਕਰਨ ਵਾਲੀ ਗੱਲਾਂ ਹਨ, ਗੁਰੂ ਪ੍ਰਤੀ ਸ਼ਰਧਾ, ਪ੍ਰੇਮ ਨਹੀਂ।ਗੁਰੂ ਸਾਹਿਬ ਅਨੁਸਾਰ ਜੇਕਰ ਨੱਚਣਾ ਹੀ ਹੈ ਤਾਂ ਇਸ ਤਰ੍ਹਾਂ ਨੱਚਣਾ ਚਾਹੀਦਾ ਹੈ।

ਵਾਜਾ ਮਤਿ ਪਖਾਵਜੁ ਭਾਉ ॥ ਹੋਇ ਅਨੰਦੁ ਸਦਾ ਮਨਿ ਚਾਉ ॥
ਏਹਾ ਭਗਤਿ ਏਹੋ ਤਪ ਤਾਉ ॥ ਇਤੁ ਰੰਗ ਨਾਚਹੁ ਰਖਿ ਰਖਿ ਪਾਉ ॥ (ਪੰਨਾ 340)

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਜਿਸ ਮਨੁੱਖ ਨੇ ਸ੍ਰੇਸ਼ਟ ਬੁੱਧੀ ਨੂੰ ਵਾਜਾ ਬਣਾਇਆ ਹੈ ਤੇ ਪ੍ਰਭ-ਪਿਆਰ ਨੂੰ ਜੋੜੀ (ਹਰਮੋਨੀਅਮ) ਬਣਾਇਆ ਹੈ। ਇਨ੍ਹਾਂ ਸਾਜਾਂ ਦੇ ਵੱਜਣ ਨਾਲ ਉਸ ਦੇ ਅੰਦਰ ਸਦਾ ਆਨੰਦ ਅਤੇ ਮਨ ਵਿਚ ਉਤਸ਼ਾਹ ਬਣਿਆ ਰਹਿੰਦਾ ਹੈ। ਇਹੀ ਅਸਲੀ ਭਗਤੀ ਹੈ ਤੇ ਇਹੀ ਮਹਾਨ ਤਪ ਹੈ। ਇਸ ਆਤਮਕ ਆਨੰਦ ਵਿਚ ਟਿਕੇ ਰਹਿ ਕੇ ਸਦਾ ਜੀਵਨ ਰਸਤੇ ਤੇ ਤੁਰੋ। ਬਸ ਇਹੀ ਨਾਚ ਨੱਚਣਾ ਸਹੀ ਹੈ। ਇਸ ਤੋਂ ਇਲਾਵਾ ਕਿਸੇ ਹੋਰ ਤਰੀਕੇ ਨਾਲ ਨੱਚਣਾ ਤੇ ਉਸ ਨੂੰ ਭਗਤੀ ਸਮਝਣਾ ਬਹੁਤ ਵੱਡਾ ਭੁਲੇਖਾ ਹੈ।

## ਕਹਾਣੀ

# ਪ੍ਰਾਈਵੇਸੀ

ਜਤਿੰਦਰ ਕੌਰ ਰੰਧਾਵਾ, ਕੈਨੇਡਾ
001-647-982-2390



ਬਾਹਰੋਂ ਕੋਈ ਅਜੀਬ ਜਿਹੀ ਰੌਸ਼ਨੀ ਦਾ ਲਾਲ ਗੋਲ਼ਾ ਰਹਿ ਰਹਿ ਕਿ ਮੇਰੇ ਡਰੈਸਿੰਗ ਟੇਬਲ ਦੇ ਸ਼ੀਸ਼ੇ ਵਿੱਚ ਲਿਸ਼ਕੋਰ ਪਾ ਰਿਹਾ ਹੈ ਤੇ ਮੇਰੀ ਅੱਖ ਘਬਰਾਹਟ ਵਿੱਚ ਖੁਲ੍ਹ ਗਈ ਹੈ। ਮਿੱਚਦੀਆਂ ਚੁੰਧਿਆਈਆਂ ਅੱਖਾਂ ਨੂੰ ਧੱਕੇ ਨਾਲ ਖੋਲ੍ਹਦੀ ਹੋਈ ਆਪਣੇ ਸੈੱਲ ਫੋਨ ਤੋਂ ਟਾਈਮ ਚੈੱਕ ਕਰਨ ਦੀ ਕੋਸ਼ਿਸ਼ ਕਰ ਰਹੀ ਹਾਂ। ਰਾਤ ਦੇ ਦੋ ਵੱਜਣ ਵਾਲ਼ੇ ਨੇ। ਇਹ ਸਭ ਕੀ ਹੋ ਰਿਹਾ ਹੈ, ਮੈਂ ਅਣਮਨੇ ਮਨ ਨਾਲ਼ ਉੱਠ ਕਿ ਖਿੜਕੀ ਤੋਂ ਬਾਹਰ ਝਾਕਦੀ ਹਾਂ। ਸਾਹਮਣੇ ਵਾਲੀ ਸਟਰੀਟ ਤੇ ਤਿੰਨ ਚਾਰ ਪੁਲੀਸ ਦੀਆਂ ਗੱਡੀਆ ਖੜ੍ਹੀਆਂ ਹਨ। ਜਿਹਨਾਂ ਦੇ ਸਿਰਾਂ ਤੇ ਲਾਲ ਲਾਲ ਅੱਗ ਦੇ ਗੋਲ਼ਿਆਂ ਵਰਗੀਆਂ ਬੱਤੀਆਂ ਜਿਵੇਂ ਕਾਰ ਦੀ ਪਰਿਕਰਮਾ ਕਰ ਰਹੀਆਂ ਹਨ। ਇਹ ਠੰਢੀ ਸਰਦ ਹੱਡ ਚੀਰਵੀਂ ਹਨੇਰੀ ਰਾਤ ਵਿੱਚ ਬਹੁਤ ਹੀ ਖ਼ਤਰਨਾਕ ਜਿਹਾ ਡਰਾਉਣਾ ਦ੍ਰਿਸ਼ ਪੈਦਾ ਕਰ ਰੀਹਆਂ ਹਨ। ਬਾਹਰ ਵੇਖ ਇੱਕ ਵਾਰ ਤਾਂ ਮਨ ਦਹਿਲ ਗਿਆ ਹੈ ਪਰ ਦੂਜੇ ਹੀ ਪਲ ਖਿਆਲ ਉਭਰਦਾ ਹੈ ਕਿ ਐਸਾ ਕੀ ਹੋ ਗਿਆ ਹੈ, ਅੱਧੀ ਰਾਤ ਨੂੰ ਜੋ ਪੋਲੀਸ ਇੰਝ ਘੇਰਾ ਪਾਈ ਖੜ੍ਹੀ ਹੈ। ਇਹਨਾਂ ਮੁਲਖਾਂ ਚ ਪੁਲੀਸ ਵੀ ਹਰ ਜਗ੍ਹਾ ਆਹ ਲਾਲ ਜਿਹੀਆਂ ਬੱਤੀਆਂ ਲਾਈ ਝੱਟ ਆ ਖੜ੍ਹਦੀ ਹੈ। ਜਮਦੂਤ ਜਿਹੇ, ਮਨ ਹੀ ਮਨ ਮੈਂ ਉਹਨਾ ਨੂੰ ਕੋਸ ਰਹੀ ਹਾਂ।

ਐਨੀ ਦੇਰ ਵਿੱਚ ਖੜਕਾ ਜਿਹਾ ਸੁਣ ਕਿ ਰੀਤ ਵੀ ਮੇਰੇ ਕੋਲ਼ ਆ ਖੜ੍ਹੀ ਹੈ। "ਮਾਮ ਕੀ ਹੋਇਆ?" ਉਸਦੀਆਂ ਨਜ਼ਰਾਂ ਵੀ ਬਾਹਰ ਨੂੰ ਉੱਠ ਗਈਆਂ ਹਨ। ਐਬੂਲੈਂਸ ਵੀ ਆ ਗਈ ਹੈ ਤੇ ਨੀਲੀਆਂ ਬੱਤੀਆਂ ਵਾਲੀਆਂ ਗੱਡੀਆਂ ਵੀ ਹਨ। ਦੂਸਰੇ ਪਾਸੇ ਨਵੀ ਚੀਖ ਰਹੀ ਹੈ, ਸੌਣ ਵੀ ਨਹੀਂ ਦੇਂਦੇ। ਚੁੱਪ ਕਰੋ ਹੁਣ ਸੌਂ ਜਾਵੋ, ਮੈਂ ਸਵੇਰੇ ਸਕੂਲ ਵੀ ਜਾਣਾ ਹੈ।

"ਸ਼ਟਅਪ ਨਵੀ, ਸਮਥਿੰਗ ਹੈਪਨਡ ਆਉਟ ਸਾਈਡ' ਰੀਤ ਉੱਥੇ ਖੜ੍ਹੀ ਖੜ੍ਹੀ ਚੀਖੀ ਹੈ।" ਮੈਂ ਉਹਨਾਂ ਵੱਲ ਗੁੱਸੇ ਵਿੱਚ ਵੇਖਿਆ ਹੈ ਤੇ ਪਉੜੀਆਂ ਉੱਤਰ ਕਿਚਨ ਵਲ ਤੁਰ ਪਈ ਹਾਂ। ਮੇਰਾ ਗਲ਼ਾ ਸੁਕ ਰਿਹਾ ਹੈ, ਪਾਣੀ ਦਾ ਗਲਾਸ ਲੈ ਸੋਫੇ ਤੇ ਬੈਠ ਗਈ ਹਾਂ। ਦਿਲ ਕਰਦਾ ਹੈ ਕਿ ਦਰਵਾਜ਼ੇ ਦੀ ਝੀਥ ਵਿਚੋਂ ਬਾਹਰ ਹੁੰਦੇ ਘਟਨਾਕ੍ਰਮ ਦਾ ਜਾਇਜ਼ਾ ਲਵਾਂ ਜਾਂ ਪਰਦਾ ਪਰ੍ਹੇ ਕਰਕੇ ਵੇਖਾਂ-ਕੁੱਝ ਤਾਂ ਪਤਾ ਲੱਗੇ।

ਦੂਜੇ ਹੀ ਪਲ ਇਹ ਖ਼ਿਆਲ ਝਟਕ ਦਿੰਨੀ ਹਾਂ, ਬੱਚੇ ਕੀ ਕਹਿਣਗੇ।

" 'ਮਾਮ ਯੂ ਟੂ' - ਲਾਈਕ ਟਿੱਪੀਕਲ ਇੰਡੀਅਨ ਆਂਟੀਸ, ਦੂਜਿਆਂ ਦੇ ਘਰਾਂ ਵਲ ਕਿਉਂ ਝਾਕਦੇ ਹੋ। ਮਾਈਂਡ ਯੁਅਰ ਔਨ ਬਿਜ਼ਨਸ।

ਚੰਗਾ ਨਹੀਂ ਲੱਗਦਾ, ਬਾਹਰ ਨਹੀਂ ਝਾਕਣਾ।"

ਠੰਢ ਬਾਹ਼ਲੀ ਹੋਣ ਕਾਰਣ ਦਰਵਾਜ਼ਾ ਖੋਲ੍ਹ ਬਾਹਰ ਵੀ ਨਹੀਂ ਜਾ ਸਕਦੀ ਪਰ ਮਨ ਵਿੱਚ ਧੁੜਕੂ ਲਗਾ ਹੋਇਆ ਹੈ। ਐਸਾ ਕੀ ਹੋ ਗਿਆ ਜੋ ਅੱਧੀ ਰਾਤ ਇਨੀਆਂ ਗੱਡੀਆਂ ਸਟਰੀਟ ਤੇ ਖੜ੍ਹੀਆ ਹਨ।

ਨੀਂਦ ਨਹੀਂ ਆ ਰਹੀ। ਟਿੱਕ ਟਿੱਕ ਕਰਦੀ ਘੜੀ ਨੇ ਸਵੇਰ ਦੇ ਚਾਰ ਵਜਾ ਦਿੱਤੇ ਹਨ, ਪੁਲੀਸ ਦੀਆਂ ਗੱਡੀਆ ਵੀ ਲੱਗਦਾ, ਚਲੀਆਂ ਗਈਆਂ ਹਨ। ਲਿਸ਼ਕੋਰ ਪੈਣੋਂ ਹੱਟ ਗਈ ਹੈ। "ਪੈ ਜਾਵੋ ਮੰਮਾ ਹੁਣ, ਸਵੇਰ ਕੰਮ ਤੇ ਵੀ ਜਾਣਾ ਹੈ।" ਰੀਤ ਦੀ ਉਪਰੋਂ ਫਿਰ ਆਵਾਜ਼ ਆਈ ਹੈ। ਨਵੀ ਆਪਣੇ ਕਮਰੇ ਵਿੱਚ ਇਸ ਸਭ ਤੋਂ ਬੇਖ਼ਬਰ ਘੁਰਾੜੇ ਮਾਰ ਰਹੀ ਹੈ।

ਫਿਰ ਸੋਚਦੀ ਹਾਂ ਕੋਈ ਛੋਟੀ ਮੋਟੀ ਪਰਿਵਾਰਿਕ ਲੜਾਈ ਹੋਣੀ ਹੈ, ਵਾਈਫ ਨੇ 911 ਘੁੰਮਾ ਦਿੱਤਾ ਹੋਣਾ। ਪਰਸੋਂ ਵੀ ਤਾਂ ਪਿਛਲੀ ਗ਼ਲੀ ਵਿੱਚ ਪੁਲੀਸ ਆਈ ਸੀ। ਕੋਈ ਬਰਥਡੇ ਪਾਰਟੀ ਸੀ ਸ਼ਾਇਦ। ਮੁੰਡੇ ਕੁੜੀਆਂ ਖੱਪ ਪਾ ਰਹੇ ਸੀ ਤੇ ਕੋਈ ਲੜਾਈ ਹੋ ਗਈ ਜਾਂ ਗਵਾਂਢੀਆਂ ਨੇ ਸ਼ਿਕਾਇਤ ਕਰ ਦਿੱਤੀ ਹੋਣੀ ਹੈ। ਰਾਤ ਨੂੰ ਪੁਲੀਸ ਆ ਗਈ ਸੀ ਪਰ ਛੇਤੀ ਹੀ ਚਲੀ ਗਈ ਸੀ। ਇਸੇ ਦੁਚਿੱਤੀ ਵਿੱਚ ਪਈ ਦੀ ਕਦੋਂ ਸੋਫੇ ਤੇ ਅੱਖ ਲਗ ਗਈ ਪਤਾ ਹੀ ਨਹੀਂ ਲੱਗਿਆ। ਸਵੇਰੇ ਸਾਢੇ ਛੇ ਵਜੇ ਦੇ ਅਲਾਰਮ ਨੇ ਫਿਰ ਰੌਲਾ ਪਾ ਦਿੱਤਾ ਹੈ।

ਵਾਹੋ ਦਾਹੀ ਵਿੱਚ ਕੰਮ ਤੇ ਤੁਰ ਗਈ ਹਾਂ। ਕਾਹਲੀ ਵਿੱਚ ਰਾਤ ਦੀ ਘਟਨਾ ਬਾਰੇ ਭੁੱਲ ਹੀ ਗਈ ਸਾਂ। ਕਾਰ ਵਿੱਚ ਰੇਡੀਉ ਚਲ ਰਿਹਾ ਹੈ।

"ਮੈਨ ਚਾਰਜਡ 'ਆਫਟਰ' ਵਾਈਫ, ਮਦਰ ਇਨ-ਲਾ ਫਾਊਂਡ ਡੈਡ ਇਨ ਹੋਮ"— ਹੈਂ ਮੈਂ ਧਿਆਨ ਨਾਲ ਸੁਨਣ ਦੀ ਕੋਸ਼ਿਸ਼ ਕਰਦੀ ਹਾਂ। ਇਹ ਤਾਂ ਸਾਡੀ ਹੀ ਸਟਰੀਟ ਦੀ ਗੱਲ ਕਰ ਰਹੇ ਹਨ ਤੇ ਹਾਦਸਾ ਵੀ ਰਾਤ ਦਾ ਹੀ ਦੱਸ ਰਹੇ ਨੇ। ਮੇਰਾ ਸਿਰ ਚਕਰਾਉਣ ਲੱਗਿਆ ਹੈ, ਆਪਣੇ ਆਪ ਤੇ ਸ਼ਰਮ ਜਿਹੀ ਵੀ ਆਉਣ ਲੱਗੀ ਹੈ ਕਿ ਬਾਹਰ ਐਨਾ ਕੁਛ ਹੋ ਗਿਆ ਤੇ ਸਾਨੂੰ ਪਤਾ ਵੀ ਨਹੀਂ। ਅਸੀਂ ਕਿੰਨੇ ਖੁਦਗਰਜ਼ ਹੋ ਗਏ ਹਾਂ। ਪੈਸਾ, ਕੰਮ, ਟਾਈਮ ਬੱਸ ਇਹ ਕੁਛ ਹੀ ਸਾਡੀ ਸੋਚ ਦੇ ਘੇਰੇ ਵਿੱਚ ਹਨ।

ਪਰ ਮਨ ਵਿੱਚ ਰਹਿ ਰਹਿ ਕਿ ਇਹੀ ਖ਼ਿਆਲ ਆ ਰਿਹਾ ਹੈ ਕਿ ਬੰਦੇ ਨੇ ਕਿਵੇਂ ਆਪਣੀ ਪਤਨੀ ਤੇ ਉਸਦੀ ਮਾਂ ਨੂੰ ਚਾਕੂ ਮਾਰ ਮਾਰ ਕਿ ਮਾਰ ਦਿੱਤਾ। ਕਿੰਝ ਐਨਾ ਬੇਰਹਿਮ ਹੋ ਜਾਂਦਾ ਹੈ ਵਿਅਕਤੀ ਕਿ ਆਪਣਿਆ ਨੂੰ ਹੀ ਕਸਾਈਆ ਵਾਂਗ ਵੱਡ ਸੁੱਟਦਾ ਹੈ।

ਸਾਰਾ ਦਿਨ ਸਰੀਰ ਟੁੱਟਿਆ ਰਿਹਾ, ਜਿਵੇਂ ਤਿਵੇਂ ਦਿਹਾੜੀ ਲਾ ਘਰੇ ਪਹੁੰਚੀ ਹਾਂ। ਅੱਖਾਂ ਮੱਲੋ ਮੱਲੀ ਹੀ ਸਟਰੀਟ ਦੇ ਸਾਹਮਣੇ ਵਾ਼ਲੇ ਘਰ ਵਲ ਉੱਠ ਗਈਆਂ ਹਨ। ਘਰ ਦੇ ਬਾਹਰ ਪੀਲੀ ਅਤੇ ਸੰਤਰੀ ਰੰਗ ਦੀ ਟੇਪ ਨਾਲ ਵਾੜ ਕੀਤੀ ਹੋਈ ਹੈ। ਘਰ ਸੀਲ ਕਰ ਦਿੱਤਾ ਗਿਆ ਹੈ। ਸਾਹਮਣੇ ਉਹੀ ਛੋਟੀ ਜਿਹੀ ਪੋਰਚ ਹੈ ਜਿੱਥੇ 60-62 ਵਰ੍ਹਿਆਂ ਦੀ ਔਰਤ ਨਿੱਕੇ ਜਿਹੇ ਬੱਚੇ ਨੂੰ ਕੁੱਛੜ ਚੁੱਕੀ ਦਿਸ ਜਾਂਦੀ ਸੀ। ਕਦੀ ਕਦੀ ਆਉਂਦਿਆਂ ਜਾਂਦਿਆਂ ਗੱਡੀ ਵਿਚੋਂ ਸਮਾਨ ਲਾਹੁੰਦਿਆ ਜਾਂ ਬੱਚੇ ਦੀ ਸੀਟ ਲਾਹੁੰਦਿਆ ਚੜ੍ਹਾਉਂਦਿਆ ਨਜ਼ਰਾਂ ਮਿਲਦੀਆਂ ਸਨ ਪਰ ਕਦੀ ਦੁਆ ਸਲਾਮ ਨਹੀਂ ਸੀ ਹੋਈ। ਬੰਦੇ ਨੂੰ ਤੇ ਮੈਂ ਕਦੀ ਦੇਖਿਆ ਹੀ ਨਹੀਂ ਸੀ।

ਬੰਦ ਦਰਵਾਜ਼ਿਆਂ ਪਿੱਛੇ ਕੀ ਵਾਪਰਦਾ, ਕੋਈ ਕਿਵੇਂ ਜਾਣ ਸਕਦਾ ਹੈ? ਖ਼ਾਸ ਕਰਕੇ ਇਸ ਯੁੱਗ ਵਿੱਚ ਜਿੱਥੇ ਹਰ ਇੱਕ ਦੀ ਆਪਣੀ ਪਰਾਈਵੇਸੀ ਹੈ।

ਮੇਰਾ ਮਨ ਭਰ ਆਇਆ ਹੈ, ਚੇਤਾ ਕੋਈ ਤੀਹ-ਪੈਂਤੀ ਵਰ੍ਹੇ ਪਿੱਛੇ ਚਲਾ ਗਿਆ ਹੈ।

ਗਰਮੀਆਂ ਦੇ ਦਿਨ ਸਨ। ਅੱਤ ਦੀ ਗਰਮੀ ਪੈਂਦੀ ਸੀ ਉਹਨੀਂ ਦਿਨੀਂ। ਕੋਈ ਏ-ਸੀ ਵਗੈਰਾ ਨਹੀਂ ਹੁੰਦੇ। ਸਾਰਿਆਂ ਦੀਆਂ ਮੰਜੀਆਂ ਕੋਠੇ ਚੜ੍ਹਾਈਆਂ ਜਾਂਦੀਆਂ। ਸ਼ਾਮ ਨੂੰ ਛੱਤਾਂ ਤੇ ਰੌਣਕਾਂ ਹੋ ਜਾਂਦੀਆਂ, ਮੰਜੇ, ਬਿਸਤਰੇ, ਪੱਖੇ ਆਦਿ ਛੱਤਾਂ ਤੇ ਚੜ੍ਹਾਉਣੇ ਸ਼ੁਰੂ ਹੋ ਜਾਂਦੇ।

ਇੱਕ ਦਿਨ ਰਾਤ ਦੇ ਗਿਆਰਾਂ ਕੁ ਵਜੇ ਸਾਡੇ ਘਰ ਤੋਂ ਥੋੜ੍ਹੇ ਜਿਹੇ ਹਟਵੇਂ ਪਾਏ ਹੋਏ ਮਕਾਨ ਵਿੱਚ ਚੀਕ ਚਿਹਾੜਾ ਪੈ ਗਿਆ। ਤਾਈ ਰਾਮ ਕੌਰ ਉੱਚੀ ਉੱਚੀ ਰੋ ਰਹੀ ਸੀ ਤੇ ਛੱਤ ਤੇ ਨਾਮਾ ਅੰਕਲ ਸ਼ਾਇਦ ਆਪਣੀ ਘਰ ਵਾਲੀ ਸੀਤੋ ਨੂੰ ਕੁੱਟ ਰਿਹਾ ਸੀ। ਉਸ ਘਰ ਦੇ ਬਨੇਰੇ ਕਾਫ਼ੀ ਉੱਚੇ ਸਨ ਸਾਨੂੰ ਆਪਣੀ ਛੱਤ ਤੋਂ ਕੁੱਝ ਨਜ਼ਰ ਨਹੀਂ ਸੀ ਆ ਰਿਹਾ।

ਮੇਰੀ ਮਾਸੀ ਤੇ ਮਾਂ ਬਹੁਤ ਦੁੱਖੀ ਸਨ ਕਿ ਕਿਵੇਂ ਪਤਾ ਲੱਗੇ ਕਿ ਗਵਾਂਢੀਆਂ ਦੇ ਕੀ ਹੋ ਰਿਹਾ ਹੈ? ਤੇ ਕਿਵੇਂ ਗਰੀਬ ਔਰਤ ਨੂੰ ਬਚਾਇਆ ਜਾਵੇ। ਮੇਰੀ ਮਾਸੀ ਆਪਣੀ ਕੋਠੀ ਦੀ ਛੱਤ ਤੋਂ ਉੱਚੀ ਹੋ ਹੋ ਵੇਖਣ ਦੀ ਕੋਸ਼ਿਸ਼ ਕਰ ਰਹੀ ਸੀ ਤੇ ਨਾ਼ਲੇ ਡਿੱਗਣ ਦੇ ਡਰੋਂ ਡਰ ਵੀ ਰਹੀ ਸੀ। ਓਧਰ ਉਹਨਾਂ ਦਾ ਦਰਵਾਜ਼ਾ ਵੀ ਅੰਦਰੋਂ ਬੰਦ ਸੀ, ਜਿਸ ਕਾਰਣ ਕੋਈ ਅੰਦਰ ਜਾ ਕੇ ਮਦਦ ਵੀ ਨਹੀਂ ਕਰ ਸਕਦਾ ਸੀ।

ਥੋੜ੍ਹੀ ਗਹੁ ਨਾਲ ਦੇਖਣ ਤੇ ਪਤਾ ਲੱਗਾ ਕਿ ਉਹ ਨਾਮਾ ਅੰਕਲ, ਸੀਤੋ ਦੀ ਹਿੱਕ ਤੇ ਚੜ੍ਹਿਆ ਬੈਠਾ ਸੀ। ਹੋਰ ਜ਼ਿਆਦਾ ਕੁਛ ਨਹੀਂ ਦਿਸਿਆ। ਅਸੀਂ ਉਦੋਂ ਛੋਟੇ ਨਿਆਣੇ ਹੁੰਦੇ ਸਾਂ, ਕੋਈ ਗੱਲ ਸਮਝ ਨਹੀਂ ਲੱਗੀ। ਬਸ ਡਰ ਨਾਲ ਕੱਠੇ ਹੋਏ ਬੈਠੇ ਸਾਂ। ਮੇਰੀ ਵੱਡੀ ਮਾਸੀ ਨੇ ਕੋਠੇ ਤੋਂ ਹੀ ਨਾਹਮੇ ਅੰਕਲ ਨੂੰ ਉੱਚੀ ਉੱਚੀ ਫਟਕਾਰਨਾ ਸ਼ੁਰੂ ਕਰ ਦਿੱਤਾ ਤੇ ਉਹ ਵੀ ਅੱਗੋਂ ਗਾ਼ਲਾਂ ਕੱਢਣ ਲੱਗ ਪਿਆ। ਐਨਾ ਰੌ਼ਲਾ ਸੁਣ ਹੇਠੋਂ ਮੇਰੇ ਮਾਸੜ ਜੀ ਉਪਰ ਆਏ ਤੇ ਮਾਸੀ ਜੀ ਨੂੰ ਗੁੱਸੇ ਹੁੰਦੇ ਥੱਲੇ ਲੈ ਗਏ ਕਿ ਐਵੇਂ ਹੀ ਲੋਕਾਂ ਦੇ ਘਰੀਂ ਦਖ਼ਲ ਦਿੰਦੀ ਫਿਰਦੀ ਹੈ।

ਸਵੇਰੇ ਪਤਾ ਲਗਾ ਸੀ ਕਿ ਸੀਤੋ (ਸਾਡੀ ਗਵਾਂਢਣ) ਦੀ ਸਾਹ ਗ਼ਲਾ ਘੁੱਟਣ ਨਾਲ ਮੌਤ ਹੋ ਗਈ ਸੀ ਤੇ ਕਈ ਦਿਨ ਮੇਰੀ ਮਾਸੀ ਉਦਾਸ ਤੇ ਪਰੇਸ਼ਾਨ ਰਹੀ ਸੀ ਕਿ ਉਹ ਕੁੱਛ ਨਹੀਂ ਕਰ ਸਕੀ। ਜੇ ਭਲਾ ਉਹ ਉਹਨਾਂ ਦੇ ਘਰ ਧੱਕੇ ਨਾ਼ਲ ਚਲੀ ਜਾਂਦੀ ਤੇ ਪਤਾ ਲੱਗ ਜਾਣਾ ਸੀ ਕਿ ਉੱਥੇ ਕੀ ਹੋ ਰਿਹਾ ਹੈ, ਸੀਤੋ ਦੀ ਜਾਨ ਬੱਚ ਸਕਦੀ ਸੀ। ਪੁਲਿਸ ਆ ਕਿ ਨਾਹਮੇ ਅੰਕਲ ਨੂੰ ਲੈ ਗਈ ਸੀ ਨਿਆਣੇ ਕਈ ਦਿਨ ਵਿਲਕਦੇ ਰਹੇ। ਫਿਰ ਪਤਾ ਨਹੀਂ ਕੀ ਬਣਿਆ ਕੁਛ ਯਾਦ ਨਹੀਂ।

ਬਸ ਇੰਝ ਪੁਰਾਣੀਆਂ ਯਾਦਾਂ ਵਿੱਚ ਗਵਾਚਿਆਂ ਰਾਤ ਪੈ ਗਈ ਪਤਾ ਹੀ ਨਹੀਂ ਲੱਗਿਆ ਤੇ ਮੈਂ ਟਾਈਮ ਵੇਖਿਆ, ਰਾਤ ਦੇ ਨੌਂ ਵੱਜ ਚੁੱਕੇ ਸਨ। ਕਾਹ਼ਲੀ ਕਾਹ਼ਲੀ ਰਾਤ ਦੀ ਰੋਟੀ ਤਿਆਰ ਕੀਤੀ ਅਤੇ ਰਸੋਈ ਸਾਂਭ ਕਮਰੇ ਵਿੱਚ ਜਾ ਪਈ ਹਾਂ। ਨੀਂਦ ਫਿਰ ਵੀ ਨਹੀਂ ਆ ਰਹੀ।

ਟਿੱਕ ਟਿੱਕ ਕਰਦੀ ਘੜੀ ਨੇ ਬਾਰਾਂ ਵਜਾਏ ਹਨ। ਮੈਂ ਹੁਣ ਫਿਕਰਮੰਦ ਹੋ ਗਈ ਹਾਂ, ਰੀਤ ਅਜੇ ਘਰ ਨਹੀਂ ਆਈ। ਕਹਿੰਦੀ ਸੀ, ਕਿ ਅੱਜ ਆਫਿਸ ਵਾਲ਼ਿਆਂ ਦੀ ਕ੍ਰਿਸਮਿਸ ਦੀ ਪਾਰਟੀ ਹੈ। ਪਾਰਟੀ ਲਈ ਕਪੜੇ ਵੀ ਪਰਸ ਵਿੱਚ ਪਾ ਕੇ ਲੈ ਗਈ ਸੀ। ਕਪੜੇ ਵੀ ਅੱਜਕਲ ਕੀ ਹਨ। "ਛੋਟੀ ਜਿਹੀ ਗੋਡਿਆਂ ਤੋਂ ਉੱਚੀ ਡਰੈਸ" - ਮੈਂ ਕਿਹਾ ਵੀ ਸੀ ਕਿ ਬੇਟੇ ਇਨੀ ਛੋਟੀ? - ਉਸ ਹੱਸ ਕਿ ਕਿਹਾ, 'ਯੁ ਡੌਂਟ ਹੈਵ ਫੈਸ਼ਨ ਸੈਂਸ ਮਾਮ' ਪਾਰਟੀ ਡਰੈਸ ਐਡੀ ਹੀ ਹੁੰਦੀ ਹੈ। ਆਖ ਜਿਵੇਂ ਹੱਸੀ, ਲੱਗਿਆ ਮੇਰਾ ਮਖੌਲ ਉਡਾ ਰਹੀ ਹੋਵੇ।

ਮੈਂ ਚੁੱਪ ਕਰਕੇ ਬੈਠ ਗਈ ਸਾਂ, ਹੋਰ ਕਰ ਵੀ ਕੀ ਸਕਦੀ ਸਾਂ? ਅਸੀਂ ਸਿਰਫ਼ ਛਟਪਟਾ ਹੀ ਸਕਦੇ ਹਾਂ, ਇਸ ਸਦੀ ਦੇ ਬੱਚਿਆਂ ਦਾ ਵਿਰੋਧ ਨਹੀਂ ਕਰ ਸਕਦੇ। ਸੋਚ ਦਾ ਫ਼ਰਕ' ਇਹੋ ਜੁਮਲਾ ਹੀ ਸੁਨਣ ਨੂੰ ਮਿ਼ਲਦਾ ਹੈ। ਖ਼ੈਰ ਟਾਈਮ ਲੰਘਦਾ ਜਾ ਰਿਹਾ ਹੈ ਤੇ ਮੇਰਾ ਫ਼ਿਕਰ ਵੀ ਵੱਧਦਾ ਜਾ ਰਿਹਾ ਹੈ। ਨੀਂਦ ਨਹੀਂ ਆ ਰਹੀ। ਦੂਸਰੇ ਕਮਰੇ ਵਿੱਚ ਪਿਆ ਪਾਲ (ਮੇਰਾ ਪਤੀ) ਵੀ ਦੋ ਪੈੱਗ ਲਗਾ ਕੇ ਘੁਰਾੜੇ ਮਾਰ ਰਿਹਾ ਹੈ। ਸਭ ਕਾਸੇ ਤੋਂ ਬੇਫ਼ਿਕਰ। ਉਸ ਨੂੰ ਵੀ ਪਰਾਈਵੇਸੀ ਚਾਹੀਦੀ ਹੈ ਸ਼ਾਇਦ ਸਿਰਫ਼ ਵੀਕ ਐਂਡ ਤੇ ਹੀ ਸਾਡਾ ਕਮਰਾ ਸਾਂਝਾ ਹੁੰਦਾ ਹੈ ਬਾਕੀ ਦਿਨ ...।

ਚਲੋ ਛੱਡੋ ਇਹ ਮੈਂ ਕੀ ਕਹਿਣ ਲੱਗੀ ਸੀ ਪਤਾ ਨਹੀਂ ਕਦੋਂ ਅੱਖ ਲਗ ਗਈ। ਥੋੜ੍ਹੀ ਕੁ ਦੇਰ ਬਾਅਦ ਮੇਨ ਦਰਵਾਜ਼ੇ ਦੇ ਖੁਲ੍ਹਣ ਦੀ ਆਵਾਜ਼ ਆਈ ਹੈ, ਮੈਂ ਘੇਸ਼ਲ ਮਾਰ ਕੇ ਪਈ ਰਹੀ। ਫਿਰ ਜ਼ੋਰ ਦੀ ਕੋਈ ਖੜਾਕ ਹੋਇਆ। ਜਿਵੇਂ ਕੋਈ ਡਿੱਗ ਪਿਆ ਹੋਵੇ, ਮੈਥੋਂ ਰਿਹਾ ਨਾ ਗਿਆ। ਉੱਥੇ ਪਈ ਨੇ ਉੱਚੀ ਆਵਾਜ਼ ਵਿੱਚ ਪੁੱਛਿਆ 'ਕੀ ਹੋਇਆ', ਆਰ ਯੂ ਆਲਰਾਈਟ?

ਅਗੋਂ ਜ਼ੋਰ ਦੀ ਆਵਾਜ਼ ਆਈ ਹੈ,

"ਹਅਅਟ - ਵਾਹਟ"

ਮੇਰੀ ਅਗੋਂ ਕੁਛ ਹੋਰ ਪੁੱਛਣ ਦੀ ਹਿੰਮਤ ਨਹੀਂ ਹੋਈ। ਪਰ ਮੈਨੂੰ ਲੱਗਿਆ ਕੀ ਰੀਤ ਜ਼ਰੂਰ ਡਿੱਗੀ ਹੈ। ਮਨ ਦੇ ਘੋੜੇ ਹਨ ਜੋ ਦੌੜ੍ਹ ਰਹੇ ਹਨ। ਪਾਰਟੀ ਤੇ ਗਈ ਸੀ ਜ਼ਰੂਰ ਪੀ ਕੇ ਆਈ ਹੋਣੀ ਐਂ। ਸਾਰੀਆਂ ਕੁੜੀਆਂ ਹੀ ਪੀਂਦੀਆਂ ਅੱਜਕਲ੍ਹ। ਜਿਵੇਂ ਨਵੀ ਕਹਿੰਦੀ ਹੈ, 'ਇੱਟਸ ਕਲਚਰ ਮੋਮ' ਨੱਥਿੰਗ ਰੌਂਗ ਇਨ ਇਟ। 'ਯੁ ਆਰ ਲੱਕੀ - ਆਈ ਡੋਂਟ ਲਾਈਕ ਡ੍ਰਿੰਕਸ' ਕਹਿ ਉਹ ਹੱਸ ਪੈਂਦੀ ਹੈ। ਜਿਵੇਂ ਮੇਰੇ ਤੇ ਕੋਈ ਅਹਿਸਾਨ ਕਰ ਰਹੀ ਹੋਵੇ। ਮੇਰਾ ਮਨ ਹੋਰ ਡਰ ਗਿਆ ਹੈ। ਪੀ ਕੇ ਆਈ ਹੈ। ਡਿੱਗ ਵੀ ਪਈ ਹੈ ਤੇ ਹਾਇ ਰੱਬਾ! ਕਾਰ ਵੀ ਚਲਾ ਕਿ ਆਈ ਹੈ। ਜੇ ਡਰਿੰਕ ਤੇ ਡਰਾਈਵ ਦਾ ਕੇਸ ਬਣ ਜਾਂਦਾ? ਕਿੱਥੇ ਮੂੰਹ ਦਿਖਾਉਂਗੀ ਕਿ ਬੱਚਿਆਂ ਨੂੰ ਆਹ ਸੰਸਕਾਰ ਦਿੱਤੇ ਹਨ? ਮਨ ਡਰਿਆ ਪਿਆ ਹੈ। ਕੁਛ ਕੁੜੀ ਦੀ ਸੁੱਖ ਸਾਂਦ ਦਾ ਤੇ ਬਾਹ਼ਲਾ ਲੋਕਾਂ ਦਾ ਡਰ।

ਉੱਠ ਕੇ ਬੈੱਡ ਤੇ ਬਹਿ ਗਈ ਹਾਂ। ਥੱਲੇ ਦੀ ਬਿੜਕ ਲੈਣ ਦੀ ਕੋਸ਼ਿਸ਼ ਕਰ ਰਹੀ ਹਾਂ। ਸਾਹਮਣੇ ਘੜੀ ਤੇ ਪੌਣੇ ਚਾਰ ਵੱਜੇ ਨੇ। ਹਾਇ ਰੱਬਾ ਸਾਰੀ ਰਾਤ ਬਾਹਰ। ਭੈੜੇ ਭੈੜੇ ਖਿਆਲ ਆ ਰਹੇ ਨੇ। ਪਤਾ ਨਹੀਂ ਬੱਚਿਆਂ ਨੂੰ ਕੀ ਹੋ ਗਿਆ ਹੈ ਅੱਜਕਲ੍ਹ। ਹਰ ਵਕਤ ਡਰੀ ਡਰੀ ਰਹਿਨੀ ਹਾਂ। ਕਲ੍ਹ ਰੀਤ ਦੀ ਭੂਆ ਦਾ ਵੀ ਫੋਨ ਆਇਆ ਸੀ, ਦੱਸਦੀ ਸੀ ਕਿ ਉਸਦਾ ਬੇਟਾ ਆਵਦੀ ਗਰਲਫਰੈਂਡ (ਤਾਮਿਆ) ਨਾਲ ਵਕੈਸ਼ਨ ਤੇ ਗਿਆ ਹੈ। ਮਨ ਹੀ ਮਨ ਸੋਚ ਰਹੀ ਸਾਂ, ਵਿਆਹ ਤੋਂ ਪਹਿਲਾਂ ਵਕੈਸ਼ਨ, ਦੋਹਾਂ ਦੀ ਇੱਕਠਿਆਂ! ਅੱਗੋਂ ਭੂਆ ਹੱਸ ਪਈ ਹੈ, ਕਿੱਥੇ ਰਹਿਨੀ ਐਂ ਪ੍ਰੀਤ ਤੂੰ, ਅੱਜਕਲ ਸਭ ਚਲਦਾ ਹੈ। ਨਾ਼ਲੇ ਕਿੱਥੇ ਕਿੱਥੇ ਰਾਖੀ ਕਰ ਲਉਂਗੇ ਬੱਚਿਆਂ ਦੀ। ਮੇਰਾ ਮਨ ਹੋਰ ਡਰ ਗਿਆ ਹੈ।

ਥੱਲੇ ਰੀਤ ਦੇ ਪੈਰਾਂ ਦੀ ਆਵਾਜ਼ ਆ ਰਹੀ ਹੈ। ਪਾਣੀ ਪੀਣ ਦੀ ਸੂਜ਼ ਲਾਹ ਕੇ ਰੱਖਣ ਦੀ। ਰੋਜ਼ ਨਾਲੋਂ ਜ਼ਿਆਦਾ ਖੜਕਾ ਹੋ ਰਿਹਾ ਹੈ ਜਾਂ ਮੇਰਾ ਵਹਿਮ ਹੈ। ਮੈਨੂੰ ਇੰਝ ਨਹੀਂ ਸੋਚਣਾ ਚਾਹੀਦਾ। ਸਿਆਣੀ ਕੁੜੀ ਹੈ ਉਸ ਨਹੀਂ ਪੀਤੀ ਹੋਣੀ ਪਰ ਮਨ ਡਰ ਰਿਹਾ ਹੈ। ਜਦੋਂ ਉਸਦੀ ਪਉੜੀਆਂ ਚੜ੍ਹਨ ਦੀ ਆਵਾਜ਼ ਆਈ ਹੈ, ਮੈਂ ਕਮਰੇ ਤੋਂ ਹੀ ਆਵਾਜ਼ ਮਾਰੀ ਹੈ। ਰੀਤ ਇੱਧਰ ਆਈਂ। ਉਸਦੀ ਖਿੱਝੀ ਜਿਹੀ ਆਵਾਜ਼ ਆਈ ਹੈ।

"ਵਾਇ" - ਗੁੱਸੇ ਨਾਲ ਬੋਲੀ ਹੈ।

ਤੇ ਧੜ ਧੜ ਕਰਦੀ ਹੋਈ ਆਈ ਹੈ। ਤੇ ਆਉਂਦਿਆਂ ਹੀ ਗੁੱਸੇ ਨਾਲ ਬੋਲੀ ਹੈ।

"ਯੂ ਵਾਨਟ ਟੂ ਇਨਟੈਰੋਗੇਟ ਮੀ"?

"ਔ ਕੇ, ਆਸਕ ਵੱਟ ਯੂ ਵਾਨਟ"? ਉਹ ਜਿਵੇਂ ਆਕੜ ਰਹੀ ਹੈ।

ਮੇਰੀ ਜ਼ੁਬਾਨ ਸੁੱਕ ਗਈ ਹੈ। ਡਰ ਨਾਲ ਨਹੀਂ ਗੁੱਸੇ ਨਾਲ ਤੇ ਅਪਮਾਨ ਨਾਲ-

"ਇਹ ਕੋਈ ਟਾਈਮ ਹੈ, ਘਰ ਆਉਣ ਦਾ?" ਮੈਂ ਪੁੱਛਿਆ ਹੈ।

"ਸੋ ਵੱਟ ਆਈ ਟੋਲਡ ਯੂ, ਐਲ ਬੀ ਲੇਟ"

"ਹਾਂ, ਪਰ ਐਨਾ ਲੇਟ ਤੇ ਆਹ ਤੂੰ ਡਰਿੰਕ ਕੀਤੀ ਹੈ?"

"ਸੋ ਵਾਹਟ, ਆਈ ਹੈਡ, ਸਮ ਵਾਈਨ, ਕਪਲ ਔਫ ਆਵਰਸ ਅਗੋ" ਉਸਨੂੰ ਕੋਈ ਪਰਵਾਹ ਨਹੀਂ ਹੈ।

ਮੈਨੂੰ ਕੁਛ ਹੋਰ ਨਹੀਂ ਸੁਝਿਆ -

"ਤੂੰ ਡਿੰਗੀ ਸੀ ਦਰਵਾਜ਼ੇ ਕੋਲ?"

ਉਹ ਹੋਰ ਗੜ੍ਹਕ ਕਿ ਬੋਲੀ,

"ਸੀ ਮਾਮ - ਆਈ ਡੌਂਨਟ ਲਾਈਕ ਦਿਸ ਥਿੰਗ ਅਬਾਉਟ ਯੂ- ਆਪੇ ਹੀ ਗੈਸ ਕਰੀ ਜਾਣਗੇ,"

ਉਹ ਮੇਰਾ ਬੈਗ ਡਿੱਗਿਆ ਸੀ ਇੱਕ ਗਲ ਸੁਣੋ, ਉਸ ਜਿਵੇਂ ਫੈਸਲਾਕੁਨ ਆਵਾਜ਼ ਵਿੱਚ ਆਖਿਆ।

"ਪਲੀਜ਼ ਡਾਂਨਟ ਕਾਲ ਮੀ ਇਨ ਯੂਅਰ ਰੂਮ ਲਾਈਕ ਦਿਸ ਟੂ ਇਨਟੈਰੋਗੇਟ ਮੀ।" ਐਮ ਨਾਟ ਏ ਕਿਡ!

"ਮੈਨੂੰ ਸਭ ਪਤਾ ਹੈ, ਕੀ ਠੀਕ, ਕੀ ਗਲਤ, ਮੈਨੂੰ ਸਿਖਾਉਣ ਦੀ ਕੋਸ਼ਿਸ਼ ਨਾ ਕਰਿਆ ਕਰੋ। ਮੇਰੀ ਮਰਜੀ ਜਦੋਂ ਮਰਜੀ ਆਵਾਂ ਓਕੇ," ਮੈਨੂੰ ਜਿਵੇਂ ਡਾਂਟ ਕੇ ਚਲੀ ਗਈ ਹੈ।

ਮੇਰਾ ਜੀ ਉੱਚੀ ਉੱਚੀ ਰੋਣ ਨੂੰ ਕੀਤਾ ਹੈ ਪਰ ਅੰਦਰ ਹੀ ਡੱਕ ਲਿਆ। ਦਿਨ ਚੜ੍ਹਨ ਵਾਲਾ ਹੈ ਤੇ ਨਾਲ ਦੇ ਕਮਰਿਆਂ ਵਿੱਚ ਬਾਕੀ ਜੀਅ ਵੀ ਸੁੱਤੇ ਹੋਏ ਹਨ, ਉਹ ਵੀ ਲੜਨਗੇ ਕਿ ਮੈਨੂੰ ਹੀ ਸ਼ਿਸ਼ਟਾਚਾਰ ਨਹੀਂ।

ਸਵੇਰੇ ਥੱਲੇ ਆ ਕਿ ਚਾਹ ਬਣਾਈ ਹੈ।

ਕੱਪ ਚ ਪਾ ਕਿ ਬੈਠੀ ਹਾਂ। ਸੋਚ ਰਹੀ ਹਾਂ ਕਿ ਜਦੋਂ ਰੀਤ ਹੇਠਾਂ ਆਵੇਗੀ ਤੇ ਕਹਾਂਗੀ ਕਿ ਉਸ ਰਾਤ ਨੂੰ ਮਿਸ ਬਿਹੇਵ ਕੀਤਾ ਹੈ। ਥੋੜ੍ਹਾ ਗੁੱਸਾ ਦਿਖਾਵਾਂਗੀ। ਸ਼ਾਇਦ ਆਪੇ ਹੀ ਮਾਫ਼ੀ ਮੰਗ ਲਵੇ। ਅਜੇ ਸੋਚ ਹੀ ਰਹੀ ਹਾਂ, ਉਪਰੋਂ ਸ਼੍ਰੀਮਾਨ ਜੀ ਦਾ ਸੁਨੇਹਾ ਆ ਗਿਆ ਹੈ ਕਿ ਮੇਰੀ ਚਾਹ ਕਮਰੇ ਵਿੱਚ ਹੀ ਦੇ ਦਿਉ -" ਅੱਜ ਕਲਾਈਂਟ ਨਾਲ ਬ੍ਰੇਕਫਾਸਟ ਹੈ ਸੋ ਤਿਆਰ ਹੋ ਰਿਹਾ ਹਾਂ"

ਮੈਂ ਕਿਚਨ ਵਿੱਚ ਖੜ੍ਹੀ ਹਾਂ। ਉਪਰੋਂ ਰੀਤ ਪੌੜੀਆਂ ਉੱਤਰ ਰਹੀ ਹੈ। ਸਿੱਧੇ ਕਿਚਨ ਵਿੱਚ ਆ ਗਈ ਹੈ।

"ਲੁਕ ਮਾਮ, ਆਈ ਐਮ ਥਿੰਕਿੰਗ ਟੂ ਮੂਵ ਆਉਟ",

" ਆਈ ਡੋਂਟ ਵਾਂਟ ਦਿਸ ਖਿੱਚ ਖਿੱਚ ਐਵਰੀਡੇ ਆਈ ਵਾਂਟ ਟੂ ਲਿਵ ਮਾਈ ਲਾਈਫ"

ਮੈਂ ਚੁੱਪ ਹਾਂ ਤੇ ਉਸ ਆਪਣੀ ਗਲ ਅਗੇ ਤੋਰਦਿਆਂ ਆਖਿਆ ਹੈ। "ਹਾਉ ਕੈਨ ਯੂ ਡੂ ਦਿਸ ਵਿਦ ਮੀ" - ਸਵਾਲ ਜਵਾਬ ਸਾਰਾ ਦਿਨ। ਪਹਿਲਾਂ ਤੁਹਾਨੂੰ ਦੱਸੋ, ਕਿੱਥੇ ਜਾ ਰਹੇ ਹਾਂ, ਕਿਉਂ ਜਾ ਰਹੇ ਹਾਂ? ਜੇ ਲੇਟ ਹੋ ਗਏ ਤੇ ਫਿਰ ਪਰੈਸ਼ਰ ਕਿ ਘਰ ਜਾ ਕਿ ਇਨਕਾਉਂਟਰ ਹੋਣਾ ਹੈ। ... ਨੋ ਮੋਰ ਮਾਮ । ਮੈਂ ਫਿਰ ਘਬਰਾ ਗਈ ਹਾਂ। ਰੌ਼ਲਾ ਸੁਣ ਮਿਸਟਰ ਸਿੰਘ ਵੀ ਥੱਲੇ ਆ ਗਏ ਹਨ। "ਹਾਉ ਆਰ ਯੂ ਯੰਗ ਲੇਡੀ! ਦੇ ਆਰ ਗਰੋਅਨ ਅੱਪ ਨਾਓ, ਯੂ ਲੇਡੀ - ਸਮਝਦੀ ਹੀ ਨਹੀਂ", "ਪਿਓਰ ਦੇਸੀ"" ਬੁੜਬੁੜਾ ਦਿੱਤਾ ਹੈ ਤੇ ਬਾਕੀ ਮਨ ਹੀ ਮਨ ਆਖ ਰਹੇ ਹਨ।

ਮੈਨੂੰ ਲਗਦਾ ਹੈ, ਜਿਵੇਂ ਮੈਂ ਕੋਈ ਜੋਕਰ ਹੋਵਾਂ ਜਾਂ ਮਹਾਂ ਮੂਰਖ। ਠੱਗੀ ਜਿਹੀ ਮਹਿਸੂਸ ਕਰਦੀ ਹਾਂ ਤੇ ਆਪਣੀਆਂ ਅੱਖਾਂ ਚੰਗੀ ਤਰ੍ਹਾਂ ਧੋ ਲਈਆਂ ਹਨ ਤੇ ਕੰਮ ਤੇ ਜਾਣ ਲਈ ਤਿਆਰ ਹੋਣ ਲੱਗੀ ਹਾਂ।

# ਪਿਆਰ ਦੀ ਸੱਚੀ ਕਹਾਣੀ ਨੂੰ ਪਰਦੇ ਪੇਸ਼ ਕਰੇਗੀ 'ਜੱਸੀ ਸਿੱਧੂ ਤੇ ਮਿੱਠੂ ਬਾਇਓਪਿਕ'

ਦਿਨੋ ਦਿਨ ਹੋ ਰਹੇ ਮਨੁੱਖੀ ਰਿਸ਼ਤਿਆਂ ਦੇ ਘਾਣ, ਪਿਆਰ ਮੁਹੱਬਤ ਦੇ ਰਿਸ਼ਤਿਆਂ ਦੇ ਹੋ ਰਹੇ ਕਤਲ ਵੱਧ ਰਹੇ ਵਿਦੇਸ਼ੀ ਕਲਚਰ ਦੇ ਪ੍ਰਭਾਵ ਨੇ ਆਮ ਆਦਮੀ ਨੂੰ ਹੈਵਾਨ ਬਣਾ ਦਿੱਤਾ ਹੈ। ਸਾਡਾ ਸਿਨਮਾ ਮੁੱਢ ਤੋਂ ਹੀ ਅਜਿਹੇ ਸਮਾਜਿਕ ਮੁੱਦਿਆ ਅਧਾਰਤ ਫਿਲਮਾਂ ਦਾ ਨਿਰਮਾਣ ਕਰਦਾ ਰਿਹਾ ਹੈ ਤਾਂ ਕਿ ਅਜਿਹੀਆਂ ਘਟਨਾਵਾਂ ਵਿਚਲੇ ਸੱਚ ਨੂੰ ਪਰਦੇ ਤੇ ਵਿਖਾ ਕੇ ਲੋਕਾਂ ਨੂੰ ਕੋਈ ਚੰਗਾ ਸੁਨੇਹਾ ਦਿੱਤਾ ਜਾ ਸਕੇ। ਇੰਨੀ ਦਿਨੀ ਪੰਜਾਬ ਅਨੇਕਾਂ ਮੁੱਦਿਆਂ ਨਾਲ ਚਰਚਾ ਦੇ ਦੌਰ ਵਿੱਚ ਹੈ। ਰਾਜਨੀਤਿਕ ਧਾਰਮਿਕ ਤੇ ਸਮਾਜਿਕ ਅਨੇਕਾਂ ਮੁੱਦਿਆਂ 'ਚ ਇੱਕ ਮੁੱਦਾ ਪਿਆਰ-ਵਿਆਰ ਅਧਾਰਤ ਕਤਲ ਹੋਈ ਜੱਸੀ ਸਿੱਧੂ ਦਾ ਪੂਰੀ ਤਰਾਂ ਗਰਮਾਇਆ ਰਿਹਾ ਹੈ ਜਿਸਦੇ ਪਤੀ ਸੁਖਵਿੰਦਰ ਮਿੱਠੂ ਨੇ ਇਨਸਾਫ ਦੀ ਲੰਬੀ ਲੜਾਈ ਲੜੀ ਅਤੇ ਅਠਾਰਾਂ ਸਾਲਾਂ ਦੇ ਲੰਬੇ ਸਘੰਰਸ਼ ਤੋਂ ਬਾਅਦ ਉਹਨਾਂ ਦੇ ਪਿਆਰ ਦੀ ਜਿੱਤ ਹੋਈ ਅਤੇ ਉਹ ਆਪਣੀ ਮਰਹੂਮ ਪਤਨੀ 'ਤੇ ਆਪਣੇ ਪਿਆਰ ਦੇ ਕਾਤਲਾਂ ਨੂੰ ਸ਼ਜਾ ਦਵਾਉਣ ਵਿੱਚ ਸਫਲ ਹੋਏ। ਜੱਸੀ ਸਿੱਧੂ ਤੇ ਸੁਖਵਿੰਦਰ ਮਿੱਠੂ ਦੀ ਪਿਆਰ ਦੀ ਅਸਲ ਕਹਾਣੀ ਤੇ ਅਧਾਰਤ ਨਾਮੀ ਬੈਨਰ 'ਡਰੀਮ ਰਿਆਲਟੀ ਮੂਵੀਜ਼' ਵਲੋਂ ਇੱਕ ਫ਼ਿਲਮ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਜੋ ਕਿ 1997 ਦੇ ਦੌਰ ਵਿਚਲੇ ਹਾਲਾਤਾਂ ਦੀ ਤਰਜਾਮਾਨੀ ਕਰਦੀ ਉਹਨਾਂ ਦੇ ਪਰਿਵਾਰਕ ਮੈਂਬਰਾਂ ਦੀ ਸੋਚ, ਇਛਾਵਾਂ ਤੇ ਮਾਨਸਿਕਤਾ ਦੀ ਸ਼ਿਕਾਰ ਹੋਈਆਂ ਮਨੁੱਖੀ ਕਦਰਾਂ ਕੀਮਤਾਂ ਦੀ ਕਹਾਣੀ ਹੋਵੇਗੀ। ਨਿਰਮਾਤਾ ਰਵਨੀਤ ਕੌਰ ਚਹਿਲ ਤੇ ਰਾਜੇਸ਼ ਕੁਮਾਰ ਅਰੋੜਾ ਵਲੋਂ ਪ੍ਰੋਡਿਊਸ ਇਸ ਫ਼ਿਲਮ ਵਿੱਚ ਸੁਖਵਿੰਦਰ ਮਿੱਠੂ ਦਾ






ਕਿਰਦਾਰ ਅੱਜ ਦਾ ਸੁਪਰਸਟਾਰ ਦੇਵ ਖਰੌੜ ਨਿਭਾਉਂਦੇ ਨਜ਼ਰ ਆਉਣਗੇ। ਇਸ ਫ਼ਿਲਮ ਨੂੰ ਨਿਰਦੇਸ਼ਕ ਮਨਦੀਪ ਬੈਨੀਪਾਲ ਵਲੋਂ ਡਾਇਰੈਕਟ ਕੀਤਾ ਜਾਵੇਗਾ ਜੋ ਕਿ 25 ਅਗਸਤ 2019 ਨੂੰ ਸਿਨੇਮਾਘਰਾਂ 'ਚ ਦਸਤਕ ਦੇਵੇਗੀ। ਇਸ ਫ਼ਿਲਮ ਸਬੰਧੀ ਜਾਣਕਾਰੀ ਦਿੰਦੇ ਹੋਏ ਫ਼ਿਲਮ ਨਿਰਮਾਤਾ ਟੀਮ ਰਵਨੀਤ ਕੌਰ ਚਾਹਲ ਤੇ ਰਾਜੇਸ਼ ਕੁਮਾਰ ਅਰੌੜਾ ਨੇ ਦੱਸਿਆ ਕਿ ਅਸੀਂ ਸੁਖਵਿੰਦਰ ਮਿੱਠੂ ਦੇ ਧੰਨਵਾਦੀ ਹਾਂ ਜਿਨਾਂ ਨੇ ਆਪਣੀ ਜਿੰਦਗੀ ਅਧਾਰਤ ਕਹਾਣੀ ਨੂੰ ਪਰਦੇ ਤੇ ਵਿਖਾਉਣ ਦੀ ਇਜਾਜਤ ਦਿੱਤੀ ਹੈ। ਇਹ ਫ਼ਿਲਮ ਪਿਆਰ ਮੁੱਹਬਤ ਦੇ ਰਿਸ਼ਤਿਆਂ ਦੀ ਅਹਿਮੀਅਤ ਤੇ ਇਨਸਾਫ ਲਈ ਲੜਾਈ ਵਾਲੇ ਇੱਕ ਸੱਚੇ ਪ੍ਰੇਮੀ ਦੀ ਦਾਸਤਾਨ ਪੰਜਾਬੀ ਸਿਨੇਮਾ ਲਈ ਯਾਦਗਾਰ ਫਿਲਮ ਸਾਬਿਤ ਹੋਵੇਗੀ। ਉਨਾਂ ਅੱਗੇ ਦੱਸਿਆ ਕਿ ਇਸ ਫਿਲਮ ਦਾ ਪੇਪਰ ਵਰਕ ਚੱਲ ਰਿਹਾ ਹੈ ਸਟਾਰਕਾਸਟਿੰਗ ਦੀ ਚੋਣ ਹੋ ਚੁੱਕੀ ਹੈ ਜਿਸ ਬਾਰੇ ਬਹੁਤ ਜਲਦ ਐਲਾਨ ਹੋਵੇਗਾ ਅਤੇ ਬਹੁਤ ਜਲਦ ਫਿਲਮ ਦੀ ਸੂਟਿੰਗ ਸ਼ੁਰੂ ਕੀਤੀ ਜਾ ਰਹੀ ਹੈ।

**- ਹਰਜਿੰਦਰ ਸਿੰਘ (91-94638-28000)**

# ਅਸਲੀਅਤ ਤੋਂ ਅਣਜਾਣ ਬੰਦਾ

ਬੰਦਾ ਬਣਿਆ ਬੰਦਗੀ ਦੇ ਕਰਨੇ ਨੂੰ
ਐਪਰ ਬੰਦੇ ਨੂੰ ਆਪਣੀ ਪਛਾਣ ਭੁੱਲ ਗਈ।

ਝੂਠੇ ਧੰਦਿਆਂ ਵਿਚ ਉਲਝਿਆ ਫਿਰੇ ਬੰਦਾ
ਮੰਜ਼ਿਲ ਨੇੜੇ ਆਈ ਤਾਂ ਬੰਦੇ ਦੀ ਅੱਖ ਖੁੱਲ੍ਹ ਗਈ।

ਮੌਤ ਸਿਰ ਤੇ ਦੇਖ ਕੇ ਝੂਰੇ ਬੰਦਾ
ਜ਼ਿੰਦਗੀ ਕਿਵੇਂ ਗੁਜ਼ਰੀ ਉਹਨੂੰ ਇਹ ਗੱਲ ਭੁੱਲ ਗਈ।

ਜਿਨ੍ਹਾਂ ਖਾਤਿਰ ਕਮਾਈਆਂ ਕਰੇ ਬੰਦਾ
ਬੰਦਾ ਤੁਰ ਗਿਆ ਤਾਂ, ਬੰਦੇ ਦੀ ਯਾਦ ਭੁੱਲ ਗਈ।

ਝੂਠੀ ਸ਼ਾਨ ਖਾਤਰ ਝੂਠ ਨਾਲ ਮੋਹ ਪਾਇਆ
ਸੱਚ ਜਾਣਿਆਂ ਤਾਂ ਬੰਦੇ ਨੂੰ ਹੋਸ਼ ਭੁੱਲ ਗਈ।

ਦੁਖ ਦੂਣ ਸਵਾਏ ਨੇ ਹੋਈ ਜਾਂਦੇ
ਕਿਉਂਕਿ ਬੰਦੇ ਨੂੰ ਬੰਦਾ ਬਣਾਉਣ ਵਾਲੇ ਦੀ ਯਾਦ ਭੁੱਲ ਗਈ।

ਝੂਠੀ ਕਮਾਈ ਵਿਚ ਜੀਵਨ ਗੁਜ਼ਾਰ ਦਿੱਤਾ
ਜਿਹਨੇ ਜੀਵਨ ਦਿੱਤਾ ਉਹਦੀ ਕਿਉਂ ਯਾਦ ਭੁੱਲ ਗਈ।

ਲੱਖ ਚੌਰਾਸੀ ਦਾ ਸੀ ਸਿਰਤਾਜ ਬੰਦਾ
ਲੇਕਿਨ ਬੰਦੇ ਨੂੰ ਆਪਣੀ ਔਕਾਤ ਭੁੱਲ ਗਈ।

ਕਿੰਨੇ ਤੋਰੇ ਤੇ ਕਿੰਨਿਆਂ ਨੂੰ ਤੋਰਨਾ ਹੈ,
ਐਪਰ ਆਪ ਜਾਣ ਦੀ ਤੈਨੂੰ ਕਿਵੇਂ ਯਾਦ ਭੁੱਲ ਗਈ।

ਬਹੁਤੀ ਬੀਤੀ ਤੇ ਥੋੜ੍ਹੀ ਹੈ ਰਹਿ ਗਈ
ਅਸਲੀਅਤ ਜਾਨਣੇ ਦੀ ਤੈਨੂੰ ਕਿਉਂ ਯਾਦ ਭੁੱਲ ਗਈ।

ਮਰਨ ਦਿਨ ਤਾਂ ਤੈਨੂੰ ਲਈ ਯਾਦ ਆਉਂਦਾ
ਕਿਉਂ ਲਈ ਤੈਨੂੰ ਜਨਮ ਤਾਰੀਖ ਭੁੱਲ ਗਈ।

ਪੂੰਜੀ ਸੁਆਸਾਂ ਵਾਲੀ ਹੈ ਖਤਮ ਹੋਈ ਜਾਂਦੀ
ਜਿਹੜੇ ਕੰਮ ਆਇਆ, ਉਹਦੀ ਕਿਉਂ ਤੈਨੂੰ ਯਾਦ ਭੁੱਲਗੀ।

'ਹੀਰਾ' ਇਸੇ ਲਈ ਤੂੰ ਭਟਕਦਾ ਫਿਰਦਾ ਏ
ਕਿਉਂਕਿ ਤੈਨੂੰ ਵੀ ਸਿਰਜਣਹਾਰ ਦੀ ਯਾਦ ਭੁੱਲ ਗਈ।



**ਕਸ਼ਮੀਰ ਸਿੰਘ ਹੀਰਾ**
916-798-8142

# ਜੱਸੀ ਸਿੱਧੂ

ਕੈਨੇਡਾ ਦੀ ਇਕ ਕੁੜੀ ਸੀ ਜੰਮਪਲ ਦੱਸਾਂ ਦਰਦ ਕਹਾਣੀ
ਮਾਪੇ ਬਣ ਗਏ ਜਾਨ ਦੇ ਵੈਰੀ ਉਲਝ ਗਈ ਫਿਰ ਤਾਣੀ
ਸੱਸੀ। ਸੋਹਣੀ, ਹੀਰ ਵਾਂਗ ਉਹ ਛੱਡ ਕੇ ਤੁਰ ਸੰਸਾਰ ਗਈ
ਕੁੜੀ ਪੰਜਾਬਣ 'ਜੱਸੀ ਸਿੱਧੂ' ਜਾਨ ਪਿਆਰ ਤੋਂ ਵਾਰ ਗਈ।

ਚੰਦ ਨਾਲੋਂ ਉਹ ਸੋਹਣੀ ਤੇ ਜੀਹਦਾ ਰੂਪ ਸੀ ਲਿਸ਼ਕਾਂ ਮਾਰੇ
ਦੋ ਤੋਂ ਅੱਖੀਆਂ ਚਾਰ ਹੋ ਗਈਆਂ ਵੱਜ ਗਏ ਢੋਲ ਨਗਾਰੇ
ਮੁਲਾਕਾਤ ਬੱਸ ਟੈਂਪੂ ਤੇ ਫਿਰ ਪਿਆਰ ਦਾ ਰੂਪ ਤਾਂ ਧਾਰ ਗਈ
ਇਕ ਕੁੜੀ ਪੰਜਾਬਣ ਜੱਸੀ ਸਿੱਧੂ ਜਾਨ ....

ਵਾਪਸ ਆ ਗਈ ਮੁੜਕੇ ਉਹਨੂੰ ਪਿਆਰ ਤਾਂ ਵੱਢ ਵੱਢ ਖਾਵੇ
ਸ਼ਾਦੀ ਲਈ ਸੀ ਵੀਰ ਤਾਂ ਰਾਜ਼ੀ ਪੇਸ਼ ਕੋਈ ਨਾ ਜਾਵੇ
ਚਿੱਠੀ ਪੱਤਰ ਲਿਖ ਕੇ ਔਖੀ ਸੌਖੀ ਤਾਂ ਡੰਗ ਸਾਰ ਗਈ
ਇਕ ਕੁੜੀ ਪੰਜਾਬਣ ਜੱਸੀ ਸਿੱਧੂ ਜਾਨ ....

ਫਿਰ ਕੀਤੀ ਨਾ ਪਰਵਾਹ ਕਿਸੇ ਦੀ ਮਾਰ ਗਈ ਪੰਜਾਬ ਉਡਾਰੀ
ਸੌ ਸੌ ਪਾਪੜ ਵੇਲੇ ਤੇ ਪਰ ਜ਼ਿੰਦਗੀ ਮੌਤ ਤੋਂ ਹਾਰੀ
ਯਾਦ ਸਤਾਉਂਦੀ ਨੀਂਦ ਨਾ ਆਉਂਦੀ 'ਮਿੱਠੂ' ਨੂੰ ਤਾਂ ਮਾਰ ਗਈ
ਇਕ ਕੁੜੀ ਪੰਜਾਬਣ ਜੱਸੀ ਸਿੱਧੂ ਜਾਨ ....

ਚੱਲਿਆ ਕੇਸ ਕਚਹਿਰੀ ਤੇ ਫਿਰ ਸਿਰ ਤੋਂ ਲੰਘ ਗਿਆ ਪਾਣੀ
ਮਾਂ ਤੇ ਮਾਮਾ ਜੇਲ੍ਹ ਭੇਜ ਤੇ ਹੋ ਗਈ ਖਤਮ ਕਹਾਣੀ
ਦੱਸੇ 'ਦੇਵ ਘੋਲੀਏ' ਵਾਲਾ ਜੋੜੀ ਪਿਆਰ ਦੀ ਬਾਜ਼ੀ ਹਾਰ ਗਈ
ਕੁੜੀ ਪੰਜਾਬਣ 'ਜੱਸੀ ਸਿੱਧੂ' ਜਾਨ ਪਿਆਰ ਤੋਂ ਵਾਰ ਗਈ।



**- ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
559-232-7764

# ਗਲੇ ਲਗਕੇ

## ਹਰਦੀਪ ਬਿਰਦੀ

ਗਲੇ ਲਗਕੇ ਗਿਲ੍ਹੇ ਸਾਰੇ ਮਿਟਾਵਣ ਦਾ ਇਰਾਦਾ ਹੈ।
ਸਭੇ ਰੋਸੇ ਜੜਾਂ ਤੋਂ ਹੀ ਮੁਕਾਵਣ ਦਾ ਇਰਾਦਾ ਹੈ।
ਕਲੀ ਨੂੰ ਡਰ ਕਿਸੇ ਵੀ ਖਾਰ ਦਾ ਨਾ ਜਿਸ ਜਗ੍ਹਾ ਹੋਵੇ
ਮੇਰਾ ਏਹੋ ਜਿਹਾ ਗੁਲਸ਼ਨ ਬਨਾਵਣ ਦਾ ਇਰਾਦਾ ਹੈ।
ਜਲਾ ਰਾਵਣ ਕਹੇ ਦੁਨੀਆਂ ਬੁਰਾਈ ਨੂੰ ਹਰਾ ਦਿੱਤਾ
ਮੇਰਾ ਮਨ ਦੀ ਬੁਰਾਈ ਨੂੰ ਹਰਾਵਣ ਦਾ ਇਰਾਦਾ ਹੈ।
ਉਹ ਸੁਪਨੇ ਜੋ ਰਹੇ ਤਾਬੀਰ ਤੋਂ ਵਾਂਝੇ ਉਨ੍ਹਾਂ ਨੂੰ ਮੁੜ
ਤੇਰੇ ਨੈਣਾਂ ਦੀ ਸਰਦਲ ਤੇ ਸਜਾਵਣ ਦਾ ਇਰਾਦਾ ਹੈ।
ਤੇਰੀ ਖ਼ਾਤਿਰ ਕਈ ਵਾਰੀ ਮੈਂ ਜਿੱਤਕੇ ਹਾਰ ਜਾਂਦਾ ਸਾਂ
ਸਜਾਕੇ ਖੇਲ ਫਿਰ ਤੈਨੂੰ ਜਿਤਾਵਣ ਦਾ ਇਰਾਦਾ ਹੈ।
ਹਵਾ ਦੂਸ਼ਿਤ ਨਾ ਪਾਣੀ ਪੀਣ ਦੇ ਕਾਬਿਲ ਰਿਹਾ ਜਗ ਤੇ
ਜੋ ਬਚਦਾ ਹੈ ਕਰੇ ਕੋਸ਼ਿਸ ਬਚਾਵਣ ਦਾ ਇਰਾਦਾ ਹੈ।
ਜੋ ਤਾਕਤ ਦੇ ਨਸ਼ੇ ਅੰਦਰ ਰਹੇ ਉਡਦਾ ਹਮੇਸ਼ਾ ਹੀ
ਕਿ ਅੱਥਰੇ ਨੂੰ ਜਮੀਂ ਉੱਪਰ ਗਿਰਾਵਣ ਦਾ ਇਰਾਦਾ ਹੈ।
ਮੈਂ ਤੇਰੀ ਯਾਦ ਵਿੱਚ ਰੋਣਾ ਜਾਂ ਮੈਥੋਂ ਜੀਅ ਨਹੀਂ ਹੋਣਾ
ਤੇਰੇ ਦਿਲ ਚੋਂ ਭੁਲੇਖਾ ਇਹ ਮੁਕਾਵਣ ਦਾ ਇਰਾਦਾ ਹੈ।
ਬਚੇਗਾ ਕੀ ਮੇਰੇ ਅੰਦਰ ਮੈਂ ਵੇਖਾਂ ਤਾਂ ਸਹੀ ਕੇਰਾਂ
ਤੈਨੂੰ ਖੁਦ ਚੋਂ ਰਕਮ ਵਾਂਗੂੰ ਘਟਾਵਣ ਦਾ ਇਰਾਦਾ ਹੈ।


# ਕੌਣ ਬਣੇਗਾ 'ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ' ਦੀ ਬਾਇਓਪਿਕ ਦਾ ਨਾਇਕ

ਪੰਜਾਬੀ ਅਤੇ ਹਿੰਦੀ ਸਿਨਮੇ 'ਚ ਬਾਇਓਪਿਕ ਫ਼ਿਲਮਾਂ ਦਾ ਰੁਝਾਨ ਦਿਨੋਂ-ਦਿਨ ਵਧਦਾ ਜਾ ਰਿਹਾ ਹੈ। ਪਿਛਲੇ ਸਮਿਆਂ 'ਚ ਦੇਸ਼ ਭਗਤਾਂ, ਬਾਲੀਵੁੱਡ ਖੇਤਰ ਅਤੇ ਖੇਡ ਜਗਤ ਦੀਆਂ ਕੁਝ ਨਾਮੀਂ ਸਖ਼ਸ਼ੀਅਤਾਂ ਜਿਵੇਂ ਕਿ ਮਿਲਖਾ ਸਿੰਘ 'ਤੇ ਹਿੰਦੀ ਫ਼ਿਲਮ 'ਭਾਗ ਮਿਲਖਾ ਸਿੰਘ', ਗੀਤਾ ਫੋਗਟ ਦੀ ਬਾਇਓਪਿਕ 'ਦੰਗਲ'

**ਗੁਰਨੈਬ ਸਿੰਘ ਗੀਗਾਮਾਜਰਾ**
gurnaibgigamajra88@gmail.com

ਅਤੇ ਬਾਲੀਵੁੱਡ ਅਦਾਕਾਰ ਸੰਜੇ ਦੱਤ ਦੀ ਬਾਇਓਪਿਕ 'ਸੰਜੂ' ਸਾਹਮਣੇ ਆਈ, ਉਸੇ ਤਰਾਂ ਪਜਾਬੀ ਸਿਨਮੇ ਵਿਚ 'ਹਰਜੀਤਾ' ਅਤੇ 'ਸੂਰਮਾ' ਆਦਿ ਫਿਲਮਾਂ ਆਈਆਂ ਜੋ ਕਿ ਫ਼ਿਲਮੀ ਪਰਦੇ ਤੇ ਸਫਲ ਵੀ ਰਹੀਆਂ।ਇਨਾਂ ਫ਼ਿਲਮਾਂ ਦੀ ਸਫਲਤਾ ਨੇ ਹੋਰ ਫ਼ਿਲਮਕਾਰਾਂ ਦਾ ਧਿਆਨ ਵੀ ਖਿਚਿਆ ਹੈ ਅਤੇ ਹੁਣ ਕੁਝ ਸੂਝਵਾਨ ਫ਼ਿਲਮਕਾਰ ਬਾਇਓਪਿਕ ਫਿਲਮਾਂ ਦੀ ਇਸ ਲੜੀ ਨੂੰ ਅੱਗੇ ਤੋਰਦੇ ਹੋਏ ਕੁਝ ਨਵੇਂ ਤਜੁਰਬੇ ਕਰਨ ਦੀ ਤਿਆਰੀ 'ਚ ਹਨ।

ਬਿਨਾਂ ਸ਼ੱਕ ਅੱਜ ਪੰਜਾਬੀ ਫ਼ਿਲਮਾਂ ਵਿੱਚ ਪੰਜਾਬੀ ਗਾਇਕਾਂ ਦੀ ਤੂਤੀ ਬੋਲਦੀ ਹੈ। ਹਰ ਛੋਟਾ ਵੱਡਾ ਗਾਇਕ ਫ਼ਿਲਮੀ ਪਰਦੇ 'ਤੇ ਛਾਇਆ ਹੋਇਆ ਹੈ। ਪੰਜਾਬੀ ਗਾਇਕਾਂ ਦੇ ਇਸੇ ਰੁਝਾਂਨ ਨੂੰ ਵੇਖਦਿਆਂ ਫ਼ਿਲਮਕਾਰਾਂ ਦਾ ਧਿਆਨ ਬਾਇਓਪਿਕ ਸਿਨਮੇ ਪ੍ਰਤੀ ਹੋਰ ਸੰਜੀਦਾ ਹੋਇਆ ਹੈ। ਜ਼ਿਕਰਯੋਗ ਹੈ ਕਿ ਮਰਹੂਮ ਗਾਇਕ ਅਮਰ ਸਿੰਘ ਚਮਕੀਲਾ ਤੋਂ ਬਾਅਦ ਹੁਣ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀ ਜ਼ਿੰਦਗੀ 'ਤੇ ਫ਼ਿਲਮ ਬਣਨ ਦਾ ਐਲਾਨ ਹੋਇਆ ਹੈ।




ਕੁਲਦੀਪ ਮਾਣਕ ਪੰਜਾਬੀ ਸੰਗੀਤ ਜਗਤ ਦਾ ਉਹ ਥੰਮ ਹੈ ਜੋ ਰਹਿੰਦੀ ਦੁਨੀਆਂ ਤੱਕ ਆਪਣੀ ਆਵਾਜ਼ ਅਤੇ ਅੰਦਾਜ਼ ਸਦਕਾ ਜਿਊਂਦਾ ਰਹੇਗਾ। ਕੁਲਦੀਪ ਮਾਣਕ ਦੀ ਜ਼ਿੰਦਗੀ ਬਹੁਤ ਸੰਘਰਸ਼ ਅਤੇ ਚਣੌਤੀਆਂ ਭਰੀ ਰਹੀ ਹੈ। ਉਸਨੇ ਆਪਣੇ ਆਪ ਨੂੰ ਜ਼ੀਰੋ ਪੱਧਰ ਤੋਂ ਸੁਰੂ ਕਰ ਕੇ ਸ਼ੋਹਰਤ ਅਤੇ ਸਫ਼ਲਤਾ ਦੀ ਸਿਖ਼ਰ ਨੂੰ ਛੂਹਿਆ ਹੈ। ਸਮੇਂ ਅਤੇ ਰੱਬ ਦੇ ਰੰਗਾਂ ਦਾ ਕੁਝ ਪਤਾ ਨਹੀਂ ਹੁੰਦਾ। ਜ਼ਿੰਦਗੀ ਦੀਆਂ ਜੋ ਤਲ਼ਖ ਸੱਚਾਈ ਉਸਨੇ ਆਪਣੀਆਂ ਲੋਕ ਗਥਾਵਾਂ ਵਿੱਚ ਗਾਈਆਂ ਉਨਾਂ 'ਚੋਂ ਬਹੁਤੀਆਂ ਦਾ ਸੱਚ ਉਸਨੇ ਅਖ਼ੀਰੀ ਸਮੇਂ ਹੱਡੀ ਵੀ ਹੰਡਾਇਆ। ਉਸਦੀ ਜ਼ਿੰਦਗੀ ਦੇ ਉਤਰਾਅ-ਚੜਾਅ ਵਾਲੇ ਹਾਲਾਤਾਂ ਦੀ ਤਰਜ਼ਮਾਨੀ ਕਰਦੀ ਵਿਰਕ ਫ਼ਿਲਮਜ਼ ਅਤੇ ਜੋਸ਼ਨ ਬ੍ਰਦਰਜ਼ ਦੀ ਇਸ ਫ਼ਿਲਮ ਦੀ ਕਹਾਣੀ ਐੱਚ ਵਿਰਕ ਨੇ ਲਿਖੀ ਹੈ।

ਇਸ ਫ਼ਿਲਮ ਨੂੰ ਨਿਰਦੇਸ਼ਕ ਜੋਸ਼ਨ ਸੰਦੀਪ ਵਲੋਂ ਨਿਰਦੇਸ਼ਿਤ ਕੀਤਾ ਜਾਵਾਗੇ। ਨਿਰਦੇਸ਼ਕ ਜੋਸ਼ਨ ਸੰਦੀਪ ਹਾਲੀਵੁੱਡ ਫ਼ਿਲਮਾਂ ਨਾਲ ਜੁੜਿਆ ਇੱਕ ਨਾਮੀਂ ਨਾਂ ਹੈ ਜੋ ਕਿ ਹਾਲੀਵੁੱਡ ਫ਼ਿਲਮਾਂ 'ਸਕਾਈਫਾਲ', 'ਗੋਸਟ ਰਾਈਡਾਰ 2', 'ਟੋਟਲ ਰੀਕਾਲ' 'ਸਪਾਈਡਰ ਮੈਨ' ਅਤੇ 'ਦਾ ਟੂਰਿਸਟ ਐਂਡ ਸਾਲਟ' ਆਦਿ 'ਚ ਐਸੋਸੀਏਟ ਡਾਇਰੈਕਟਰ ਵਜੋਂ ਕੰਮ ਕਰ ਚੁੱਕਾ ਹੈ। ਨਿਰਦੇਸ਼ਕ ਜੋਸ਼ਨ ਸੰਦੀਪ ਆਪਣੇ ਪਿਤਾ ਜੀ ਦੀ ਦਿਲੀਂ ਇੱਛਾ ਅਨੁਸਾਰ ਹੁਣ ਮਾਂ ਬੋਲੀ ਪੰਜਾਬੀ ਨੂੰ ਵੀ ਆਪਣੀਆਂ ਸੇਵਾਵਾਂ ਦੇਣ ਜਾ ਰਿਹਾ ਹੈ। ਇਸ ਲਈ ਇਹ ਫ਼ਿਲਮ ਉਸਦੀ ਜ਼ਿੰਦਗੀ ਦੀ ਅਹਿਮ ਫ਼ਿਲਮ ਹੈ।

ਨਿਰਦੇਸ਼ਕ ਜੋਸ਼ਨ ਨੇ ਦੱਸਿਆ ਕਿ ਇਸ ਫ਼ਿਲਮ ਦੀ ਸਟਾਰਕਾਸਟ ਦਾ ਕੰਮ ਮੁਕੰਮਲ ਹੋ ਗਿਆ ਹੈ ਤੇ ਬਹੁਤ ਜਲਦ ਇਹ ਫ਼ਿਲਮ ਸੈੱਟ 'ਤੇ ਜਾ ਰਹੀ ਹੈ। ਫ਼ਿਲਮੀ ਹਲਕਿਆਂ ਵਿੱਚ ਇਹ ਚਰਚਾ ਜ਼ੋਰਾਂ 'ਤੇ ਹੈ ਕਿ ਆਖਿਰ ਕੌਣ ਹੋਵੇਗਾ ਫ਼ਿਲਮੀ ਪਰਦੇ ਦਾ 'ਕਲੀਆਂ ਦਾ ਬਾਦਸ਼ਾਹ-ਕੁਲਦੀਪ ਮਾਣਕ' .. ਕਿਉਂਕਿ ਇਹ 'ਪੱਤਾ ਖੁੱਲਣਾ' ਅਜੇ ਬਾਕੀ ਹੈ। ਉਨਾਂ ਇਹ ਵੀ ਦੱਸਿਆ ਕਿ ਇਸ ਫਿ਼ਲਮ ਨੂੰ 15 ਨਵੰਬਰ 2019 ਨੂੰ ਸਿਨੇਮਾਘਰਾਂ 'ਚ ਪਰਦਾਪੇਸ਼ ਕੀਤਾ ਜਾਵੇਗਾ।

ਕੁਲਦੀਪ ਮਾਣਕ ਨੇ ਜਿੱਥੇ ਗਾਇਕੀ ਵਿੱਚ ਵੱਡੀਆ ਮੱਲਾਂ ਮਾਰੀਆਂ ਉੱਥੇ ਫਿ਼ਲਮ 'ਬਲਵੀਰੋ ਭਾਬੀ' ਵਿੱਚ ਗਾਇਕ, ਸੰਗੀਤਕਾਰ ਅਤੇ ਅਦਾਕਾਰ ਵਜੋਂ ਵੀ ਪਰਦੇ 'ਤੇ ਨਜ਼ਰ ਆਇਆ। ਫ਼ਿਲਮ 'ਲੰਬੜਦਾਰਨੀ' ਵਿੱਚ ਉਸਦਾ ਗਾਇਆ ਗੀਤ 'ਯਾਰਾਂ ਦਾ ਟਰੱਕ ਬੱਲੀਏ...' ਅੱਜ ਵੀ ਅਮਰ ਹੈ। ਕੁਲਦੀਪ ਮਾਣਕ ਜਿਹੇ ਪੰਜਾਬੀ ਗਾਇਕੀ ਦੇ ਅਹਿਮ ਦਸ਼ਤਾਵੇਜ਼ ਸਾਂਭਣ ਲਈ ਪੰਜਾਬੀ ਸਿਨਮਾ ਅਤੇ ਇਸ ਨਾਲ ਜੁੜੇ ਫ਼ਿਲਮਕਾਰ ਪ੍ਰਸ਼ੰਸ਼ਾਂ ਦੇ ਹੱਕਦਾਰ ਹਨ।

# ਕੁਦਰਤੀ ਨਜਾਰਿਆਂ ਦੀ ਆਸ਼ਕ, ਹੋਣਹਾਰ ਕਲਮ- ਤਜਿੰਦਰ ਕੌਰ ਮਿੱਠੂ



**ਪ੍ਰੀਤਮ ਲੁਧਿਆਣਵੀ**
9876428641

ਆਮ ਵੇਖਣ ਵਿਚ ਆਉਂਦਾ ਹੈ ਕਿ ਬਹੁਤੇ ਕਲਮਕਾਰ ਬਸ ਫੋਕੀ ਸ਼ੁਹਰਤ ਵੱਲ ਹੀ ਭੱਜਦੇ ਹਨ। ਇਹ ਨਹੀ ਦੇਖਦੇ ਕਿ ਉਨ੍ਹਾਂ ਦੀ ਕਲਮ ਸਾਹਿਤ ਅਤੇ ਸਮਾਜ ਵਾਸਤੇ ਸੁਨੇਹਾ ਕੀ ਛੱਡ ਰਹੀ ਹੈ। ਉਨ੍ਹਾਂ ਦਾ ਤਾਂ ਬਸ ਇਕੋ-ਇਕ ਨਿਸ਼ਾਨਾ ਹੁੰਦਾ ਹੈ ਕਿ ਲੱਗੀ ਦੌੜ ਵਿਚ ਅੱਗੇ ਕਿਵੇਂ ਨਿਕਲਿਆ ਜਾਵੇ। ਪਰ, ਇਸ ਦੇ ਉਲਟ ਕੁਝ ਇਕ ਵਿਰਲੀਆਂ ਐਸੀਆਂ ਹੋਣਹਾਰ ਕਲਮਾਂ ਵੀ ਪੜ੍ਹਨ ਨੂੰ ਮਿਲਦੀਆਂ ਹਨ, ਜਿਨ੍ਹਾਂ ਦਾ ਲੱਗੀ ਦੌੜ ਨਾਲ ਕੋਈ ਵਾਸਤਾ ਨਹੀ, ਬਲਕਿ ਉਨ੍ਹਾਂ ਦੀ ਸੋਚ ਤਾਂ ਸਮਾਜ ਅਤੇ ਸਾਹਿਤ ਲਈ ਕੁਝ ਕਰ ਗੁਜਰਨ ਦੀ ਹੁੰਦੀ ਹੈ। ਅਜਿਹੀਆਂ ਨਿਵੇਕਲੀ ਅਤੇ ਅਗਾਂਹ-ਵਧੂ ਸੋਚ ਦੀਆਂ ਮਾਲਕਣ ਕਲਮਾਂ ਵਿਚੋਂ ਇਕ ਕਲਮ ਦਾ ਨਾਂਓਂ ਹੈ- ਤੇਜਿੰਦਰ ਕੌਰ ਮਿੱਠੂ। ਉਹ ਤੇਜਿੰਦਰ, ਜਿਹੜੀ ਕਿ ਕੁਦਰਤ ਦੀ ਅਤੇ ਉਸ ਦੀ ਖੂਬਸੂਰਤ ਰਚਨਾ ਦੀ ਆਸ਼ਕ ਹੈ। ਉਹ ਮਨੁੱਖਾਂ ਦੀਆਂ ਗੱਲਾਂ ਘੱਟ ਕਰਦੀ ਹੈ ਅਤੇ ਕੁਦਰਤੀ ਨਜਾਰਿਆਂ ਦੀਆਂ ਜਿਆਦਾ। ਇਹੀ ਕਾਰਨ ਹੈ ਕਿ ਉਸ ਦੀਆਂ ਰਚਨਾਵਾਂ ਦੇ ਵਿਸ਼ੇ ਰੁੱਖ, ਪਾਣੀ, ਹਵਾ, ਪੰਛੀ, ਤਿੱਤਲੀਆਂ, ਭੰਵਰੇ, ਫੁੱਲ, ਅੰਬਰ, ਸੂਰਜ, ਚੰਦ, ਤਾਰੇ, ਕਲ-ਕਲ ਵਗਦੇ ਝਰਨੇ, ਨਦੀਆਂ-ਦਰਿਆਵਾਂ ਅਤੇ ਸਮੁੰਦਰ ਆਦਿ ਦੇ ਦੁਆਲੇ ਹੀ ਘੁੰਮਦੇ ਹਨ।

ਜੇਕਰ ਇਹ ਮੁਟਿਆਰ ਮਨੁੱਖ-ਜਾਤੀ ਦੀ ਗੱਲ ਕਰਦੀ ਹੈ ਤਾਂ ਭਰੂਣ-ਹੱਤਿਆ, ਧੀਆਂ-ਭੈਣਾਂ ਉਤੇ ਹੋ ਰਹੇ ਜੁਲਮ, ਵਤਨ ਤੋਂ ਦੂਰ ਪ੍ਰਦੇਸ ਗਏ ਪੰਜਾਬੀਆਂ ਦੇ ਦਰਦ ਅਤੇ ਕਿਸਾਨ-ਹੱਤਿਆਵਾਂ ਵਰਗੇ ਦਰਦਨਾਕ ਸੀਨ ਹੀ ਉਸ ਦੀ ਕਲਮ ਦੀ ਨੋਕ ਉਤੇ ਆਉਂਦੇ ਹਨ। ਇਸ ਤੋਂ ਇਲਾਵਾ ਉਹ ਜਿਥੇ ਆਪਣੇ ਵਿਹਲੇ ਸਮੇ ਵਿਚ ਲੜਕੀਆਂ ਨੂੰ ਮੁਫਤ ਪੜ੍ਹਾਉਂਦੀ ਹੈ, ਉਥੇ ਲੋੜਵੰਦਾਂ ਨੂੰ ਕਈ ਬਾਰ ਉਹ ਕੋਟੀਆਂ ਅਤੇ ਕੰਬਲ ਆਦਿ ਵੰਡਣ ਦੀ ਸੇਵਾ ਵੀ ਕਰ ਚੁਕੀ ਹੈ। ਇੱਥੇ ਹੀ ਬਸ ਨਹੀ, ਉਹ ਅੱਖਾਂ ਅਤੇ ਦੰਦਾਂ ਦਾ ਫ੍ਰੀ ਮੈਡੀਕਲ-ਕੈਂਪ ਲਗਾਉਣ ਦੇ ਨਾਲ-ਨਾਲ ਬਜੁਰਗਾਂ ਨੂੰ ਮੁਫਤ ਦਵਾਈਆਂ ਵੰਡਣ ਆਦਿ ਵਰਗੇ ਕਾਰਜਾਂ ਦੁਆਰਾ ਵੀ ਆਪਣੇ ਮਨ ਨੂੰ ਰੂਹਾਨੀ ਖੁਸ਼ੀ ਪ੍ਰਾਪਤ ਕਰਦੀ ਹੈ। ਇਕ ਸਵਾਲ ਦਾ ਜੁਵਾਬ ਦਿੰਦਿਆਂ ਮਿੱਠੂ ਨੇ ਕਿਹਾ, 'ਬ੍ਰਹਮਾ ਜੀ ਦੀ ਰਚਾਈ ਖੂਬਸੂਰਤ ਕੁਦਰਤ ਅਤੇ ਉਸ ਦੇ ਖੂਬਸੂਰਤ ਨਜਾਰਿਆਂ ਅੰਦਰ ਖੁਦਾ ਦਾ ਨਿਵਾਸ ਹੈ। ਦੁਨੀਆਂ ਭਰ ਦੀਆਂ ਖੁਸ਼ੀਆਂ, ਬਰਕਤਾਂ ਅਤੇ ਧਨ-ਦੌਲਤਾਂ ਦੇ ਦਰਸ਼ਨ-ਦੀਦਾਰੇ ਕੁਦਰਤ ਦੀ ਬੁੱਕਲ ਵਿਚੋਂ ਹੀ ਹੋ ਜਾਂਦੇ ਹਨ। ਬਸ, ਦੇਖਣ-ਪਰਖਣ ਵਾਲੀ ਅੱਖ ਹੋਣੀ ਚਾਹੀਦੀ ਹੈ।'



ਪੰਜਾਬ ਦੇ ਜਿਲ੍ਹਾ ਕਪੂਰਥਲਾ ਦੇ ਪਿੰਡ ਪੱਡੇ ਬੇਟ ਦੀ ਵਸਨੀਕ, ਪਿਤਾ ਤਰਸੇਮ ਸਿੰਘ ਅਤੇ ਮਾਤਾ ਬਲਵਿੰਦਰ ਕੌਰ ਦੀ ਸਪੁੱਤਰੀ ਤੇਜਿੰਦਰ ਨੇ ਮੁਲਾਕਾਤ ਦੌਰਾਨ ਦੱਸਿਆ ਕਿ ਉਸ ਨੂੰ ਬਚਪਨ ਤੋਂ ਹੀ ਕੁਦਰਤੀ ਨਜਾਰਿਆਂ ਨੂੰ ਗੰਭੀਰਤਾ ਨਾਲ ਲੈਣ ਦੀ ਚੇਟਕ ਲੱਗ ਗਈ ਸੀ। ਇਨ੍ਹਾਂ ਨਜਾਰਿਆਂ ਨੂੰ ਗਹਿਰਾਈ ਨਾਲ ਤੱਕਦੇ-ਤੱਕਦਿਆਂ ਉਸ ਨੂੰ ਪਤਾ ਹੀ ਨਹੀ ਲੱਗਾ ਕਲਮ-ਬੱਧ ਕਰਨ ਲਈ ਉਸ ਦੀ ਕਲਮ ਆਪ-ਮੁਹਾਰੇ ਕਦੋਂ ਚੱਲ ਪਈ। ਨਤੀਜਨ ਉਸ ਦੀਆਂ ਅਨੇਕਾਂ ਰਚਨਾਵਾਂ, 'ਪੰਜਾਬੀ ਇੰਨ ਹਾਲੈਂਡ', 'ਜੱਗ-ਬਾਣੀ', 'ਅਜੀਤ', 'ਚੜ੍ਹਦੀ ਕਲਾ', 'ਆਸ਼ਿਆਨਾ', 'ਦੇਸ਼-ਦੁਆਬਾ', 'ਟਾਈਮਜ ਆਫ ਪੰਜਾਬ', 'ਸਕਾਈ ਹਾਕ', ਪੰਜ ਆਬੀ ਸੱਥ', 'ਸਕੇਪ ਪੰਜਾਬ', 'ਨਿਰਪੱਖ ਅਵਾਜ', 'ਪੰਜਾਬ ਕੋ-ਆਪਰੇਸ਼ਨ', 'ਪੰਜਾਬੀ ਸੱਚ ਕਹੂੰ ਆਦਿ ਦੇ ਨਾਲ-ਨਾਲ 'ਫਿਲਮੀ ਫੋਕਸ', 'ਅਦਬੀ ਸਾਂਝ' ਅਤੇ 'ਸੰਗੀਤ ਦਰਪਨ' ਆਦਿ ਮੈਗਜੀਨਾਂ ਦਾ ਸ਼ਿੰਗਾਰ ਬਣੀਆਂ। ਵਧਦੇ ਕਦਮੀਂ ਉਹ ਆਲ-ਇੰਡੀਆ ਰੇਡੀਓ ਸਟੇਸ਼ਨ, ਜਲੰਧਰ ਤੋਂ ਵੀ ਆਪਣੀਆਂ ਲਿਖੀਆਂ ਰਚਨਾਵਾਂ ਬੋਲਣ ਦਾ ਸੁਭਾਗ ਹਾਸਲ ਕਰ ਚੁੱਕੀ ਹੈ। ਮਨਿੰਦਰ (ਭੈਣ) ਅਤੇ ਸੰਨੀ-ਗਿੰਨੀ ਮੋਰੀਆ ਭਰਾਵਾਂ ਦੀ ਲਾਡਲੀ ਭੈਣ ਮਿੱਠੂ ਬੜੇ ਮਾਣ ਨਾਲ ਕਹਿੰਦੀ ਹੈ, 'ਮੈਂ, ਸਾਹਿਤਕ ਹਲਕਿਆਂ ਦੀ ਜਾਣੀ-ਪਛਾਣੀ ਸੰਸਥਾ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਦੀ ਸਲਾਹਕਾਰ ਹਾਂ। ਮੈਂ ਜਦੋਂ ਤੋਂ ਇਸ ਸੰਸਥਾ ਨਾਲ ਜੁੜੀ ਹਾਂ, ਮੇਰੀ ਕਲਮ ਵਿਚ ਲਗਾਤਾਰ ਨਿਖਾਰ ਆਇਆ ਹੈ ਅਤੇ ਮੈਨੂੰ ਕਾਫੀ ਕੁਝ ਸਿੱਖਣ ਨੂੰ ਵੀ ਮਿਲ ਰਿਹਾ ਹੈ, ਇਸ ਸੰਸਥਾ ਪਾਸੋਂ। ਇਸ ਤੋਂ ਇਲਾਵਾ ਹਰਜੋਤ ਸੰਧੂ ਅਤੇ ਸਤਿੰਦਰ ਸਿੰਘ ਰਾਜਾ ਸਮੇਤ ਵੱਖ-ਵੱਖ ਅਖਬਾਰਾਂ-ਮੈਗਜੀਨਾਂ ਦੇ ਹੋਰ ਸੰਪਾਦਕਾਂ ਦੀ ਵੀ ਮੈਂ ਧੰਨਵਾਦੀ ਹਾਂ, ਜਿਨ੍ਹਾਂ ਨੇ ਮੇਰੀਆਂ ਰਚਨਾਵਾਂ ਛਾਪ ਕੇ ਮੇਰੀ ਹੌਸਲਾ-ਅਫਜਾਈ ਕੀਤੀ।' ਸਾਹਿਤ ਅਤੇ ਕੁਦਰਤ ਨਾਲ ਅਟੁੱਟ ਰਿਸ਼ਤਾ ਗੰਢਕੇ ਓਸ ਮਾਲਕ ਦੀਆਂ ਅਪਾਰ ਬਖਸ਼ਿਸਾਂ ਹਾਸਲ ਕਰ ਰਹੀ, ਨਿਵੇਕਲੀ ਕਲਮ ਦੀ ਮਾਲਕਣ, ਹਸੂ-ਹਸੂ ਕਰਦੇ ਚਿਹਰੇ ਵਾਲੀ ਇਸ ਮੁਟਿਆਰ ਦੇ ਕਦਮਾਂ 'ਚ ਓਹ ਪਰਵਰਦਗਾਰ ਹੋਰ ਵੀ ਬੱਲ ਬਖਸ਼ੇ, ਤਾਂ ਕਿ ਇਹ ਆਪਣੇ ਮਿਸ਼ਨ ਵਿਚ ਸਫਲ ਪੁਲਾਂਘਾਂ ਪੁੱਟਦੀ ਨਿਰੰਤਰ ਅਤੇ ਨਿਰਵਿਘਨ ਤੁਰੀ ਰਵ੍ਹੇ, ਦਿਲੀ ਦੁਆਵਾਂ ਅਤੇ ਜੋਦੜੀਆਂ ਹਨ, ਮੇਰੀਆਂ।

# THINKING OF BUYING OR SELLING COMMERCIAL PROPERTIES IN CALIFORNIA? CALL US NOW !



BH HS

BERKSHIRE HATHAWAY HomeServices

Elite Real Estate

COMMERCIAL DIVISION



**JOHN BANGA**
Realtor *CalDRE# 01397975*
916-271-5404 banga.realtor@gmail.com

**MAJINDER SINGH**
Realtor *CalDRE# 01473247*
(916) 271-0644 singh@elitenorcal.com

## *SPECIALISE IN BANK REPO APARTMENTS, COMMERCIAL PROPERTIES, GAS STATIONS, HOTELS AND AGRICULTURAL LAND*










CALL US FOR FREE CONSULTATION ABOUT SELLING YOUR GAS STATION OR HOTEL.
WE CAN ALSO GIVE YOU OUR EXPERT ADVISE
ON VALUE OF YOUR GAS STATION OR ANY COMMERCIAL PROPERTY.

*SPEAK WITH A PROFESSIONAL REALTOR TODAY!*

*WE HAVE QUALIFIED BUYERS FOR GAS STATIONS AND LIQUOR STORES.*

**THE RIGHT AGENT HELPS GUIDE YOU TO YOUR DREAM PROPERTY.**
**WWW.BHHCOMMERCIAL.COM**

Chevron SHELL ARCO ampm Mobil Holiday Inn Best Western

# 7412 ELSIE AVE, SACRAMENTO CA 95828



ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ)

ਗੁਰੂ ਪਿਆਰੀ ਸਾਧ ਸੰਗਤ ਜੀ
ਜਿਵੇਂ ਕਿ ਆਪ ਜੀ ਜਾਣਦੇ ਹੀ ਹੋ ਕਿ ਫਰਵਰੀ, ਮਾਰਚ ਮਹੀਨੇ ਸਤਿਗੁਰੂ ਰਵਿਦਾਸ ਜੀ ਦਾ ਗੁਰਪੁਰਬ ਦਿਹਾੜਾ ਹੈ ਪਰ ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਆਪ ਸਭ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 642ਵਾਂ ਗੁਰਪੁਰਬ ਦਿਹਾੜਾ 3 ਮਾਰਚ 2019 ਦਿਨ ਐਤਵਾਰ ਨੂੰ ਸ਼ਰਧਾ ਪੂਰਵਕ ਮਨਾ ਰਹੀ ਹੈ।

## ਪ੍ਰੋਗਰਾਮਾਂ ਦਾ ਵੇਰਵਾ

* 1 ਮਾਰਚ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ
* 2 ਮਾਰਚ ਦਿਨ ਸ਼ਨਿਚਰਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸ਼ਾਮ 5 ਵਜੇ ਹੋਵੇਗੀ ਇਸ ਉਪਰੰਤ ਸ਼ਾਮ 6 ਵਜੇ ਤੋਂ ਲੈ ਕੇ 8 ਵਜੇ ਤੱਕ ਦੀਵਾਨ ਸਜਣਗੇ।
* 3 ਮਾਰਚ ਦਿਨ ਐਤਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ
* ਉਸ ਉਪਰੰਤ ਬਾਅਦ ਦੁਪਹਿਰ 3 ਵਜੇ ਤੱਕ ਦੀਵਾਨ ਸਜਣਗੇ, ਜਿਸ ਦੌਰਾਨ ਰਾਗੀ ਜਥੇ ਸ਼ਬਦ ਗਾਇਨ ਕਰਨਗੇ ਅਤੇ ਬੁਲਾਰੇ ਗੁਰੂ ਜੀ ਪ੍ਰਤੀ ਆਪੋ ਆਪਣੇ ਵਿਚਾਰ ਰੱਖਣਗੇ।
* ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਹਾਜਰੀਆਂ ਲਗਾ ਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਹੋਰ ਜਾਣਕਾਰੀ ਲਈ ਸੰਪਰਕ ਕਰੋ: ਗੁਰੂ ਘਰ 559-486-3091**

## ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ)

**5025 S. CHERY AVE., FRESNO (CALIFORNIA) 93706**

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਗਟ ਦਿਹਾੜਾ

## 22, 23, 24 ਫਰਵਰੀ 2019 ਨੂੰ






ਹਮ ਸਰਿ ਦੀਨੁ ਦਇਆ ਲੁਨ ਤੁਮਸਰਿ ਅਬਪਤੀਆ ਰੁਕਿਆ ਕੀਜੈ॥
ਬਚਨੀ ਤੋਰ ਮੋਰ ਮਨੁਮਾਨੈ ਜਨਕ ਉਪੂਰਨੁ ਦੀਜੈ॥1॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ॥
ਕਾਰਨ ਕਵਨ ਅਬੋਲ॥1॥ ਰਹਾਉ॥
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ॥
ਕਹਿ ਰਵਿਦਾਸ ਆਸਲਗਿ ਜੀਵਉ ਚਿਰ ਭਇਓ ਦਰਸਨ ਦੇਖੇ॥

***Sri Guru Ravidass Sabha, Pittsburg, CA is celebrating the 642nd Parkash Utsav of SATGURU RAVIDASS JI on Sunday, February 24, 2019. Entire Sangat is cordially invited to participate in this celebration with family and friends and receive the benign blessings of Guru Ravidass ji.***

| | |
|---|---|
| ***ARAMBH SHRI AKHAND PATH*** | ***February 22, 2019 (FRIDAY) 9:30 AM*** |
| ***BHOG SHRI AKHAND PATH*** | ***February 24, 2019 (SUNDAY) 9:30 AM*** |
| ***KIRTAN DIWAN*** | ***After Bhog Ceremony until 2:00 PM*** |

*Nishan Sahib Hoisting Ceremony will be held on February 23rd 2019 (Saturday) at 11:00 AM. Ramesh Suman and Bibi Gyan Suman will be doing this sewa.Sri Guru Ravidass ji was born in 1377, in Kanshi (Banaras), Uttar Pradesh in India, in a humble family of Baba Santokh Dass ji and Mata Kalsa Devi ji. Satguru Ravidass Ji was a great religious and social reformer. Guru Ji dedicated his whole life for the welfare of the humanity. Guru Ji preached social harmony and stood against caste based discrimination. Satguru Ravidass ji preached equality among all human beings. GURU RAVIDASS JI 's Sermons / Bani is part of Holy SHRI GURU GRANTH SAHIB JI.*

*Sangat will perform Langar and Path Sewa during the Gurpurab celebrations. Prominent Jatha of Giani Suveg Singh, Giani Gurnam Singh & Giani Ompal Singh will enhance this Kirtan Diwan along with distinguished speakers and community leaders well versed with life and teachings of Satguru Ravidass ji.*


*Sangat will perform Langar and Path Sewa during the Gurpurab celebrations. Prominent Jatha of Giani Suveg Singh, Giani Gurnam Singh & Giani Ompal Singh will enhance this Kirtan Diwan along with distinguished speakers and community leaders well versed with life and teachings of Satguru Ravidass ji.*

*The Gurughar Committee requests the community for volunteers to help the event committee to prepare and serve Langar, keep Gurughar clean and organized, directing traffic/parking besides other Sewas.*

*"Gurughar Domes Construction" project is underway. This is a huge project, which needs the financial support of the entire Sangat Sangat is humbly requested to donate whole heartedly for the Construction Project.*

***FOR STALLS, LANGAR OR ANY OTHER SEWA, CONTACT:***
***Chairman Ramesh Suman at (925)366-3618***
***President Kashmiri Bhatia at (408)460-0262 or***
***General Secretary Dilbag Singh at (209)834-4641***

*Famous Punjabi Singer Amrita Virk will adom the occasion with Shabad Kirtan on Sunday, February 24, 2019*



| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Narinder Chahal |
| | 925-366-3618 | 408-460-0262 | 209-834-4641 | 209- 627-7974 |